SAINI BHAWAN RUPNAGAR
PUNJAB
ਸਰਬਤ ਦਾ ਭਲਾ
Estb. 1971

# ਸੈਣੀ ਸੰਸਾਰ
# Saini Sansar

43
Jan - March 2022

happy new year
2022

## ਅੰਦਰ ਪੜ੍ਹੋ

- ਕਿਸਾਨੀ ਸੰਘਰਸ਼ ਦੀ ਸਫ਼ਲਤਾ
- ਸੈਣੀ ਭਵਨ ਦੀਆਂ ਸਰਗਰਮੀਆਂ
- ਵਜ਼ੀਫਿਆਂ ਦੇ ਲਾਭਪਾਤਰੀ ਵਿਦਿਆਰਥੀ
- ਬਹੁਮੁੱਲਾ ਆਮ ਗਿਆਨ
- ਨਿੱਕੀਆਂ ਜਿੰਦਾਂ ਵੱਡੇ ਸਾਕੇ
- ਸਿਹਤਮੰਦ ਸਾਹਿਤਕ ਰਚਨਾਵਾਂ
- ਮੈਟਰੀਮੋਨੀਅਲਜ਼
- ਨਰੋਈ ਜੀਵਨ ਜਾਚ

P U B L I S H E R S
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XII, Issue - I

# Saini Sansar

(Quarterly)

Jan. - March 2022

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 09.01.2022**

# ਸੈਣੀ ਸੰਸਾਰ
(ਤਿਮਾਹੀ)

ਜਿਲਦ 12, ਅੰਕ 1 ਜਨਵਰੀ - ਮਾਰਚ 2022

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

**ਮੁੱਖ ਪੰਨੇ 'ਤੇ ਫੋਟੋ : ਨਵੇਂ ਸਾਲ 2022 ਦੀ ਵਧਾਈ**

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਯਾਦਗਾਰੀ ਵਰ੍ਹੇ 2021 ਨੂੰ ਅਲਵਿਦਾ | 3 |
| ਸੈਣੀ ਭਵਨ ਦੀਆਂ ਸਰਗਰਮੀਆਂ | 4-5 |
| ਮਨਪ੍ਰੀਤ ਸੈਣੀ - ਜਿਨ੍ਹੇ ਹਿੰਮਤ ਯਾਰ ਬਣਾਈ | 6 |
| ਇਤਿਹਾਸਕ ਜਿੱਤ ਅਤੇ ਨਵੀਆਂ ਜ਼ਿੰਮੇਵਾਰੀਆਂ | 7-9 |
| ਕਵਿਤਾਵਾਂ | 10 |
| ਨਿੱਕੀਆਂ ਜਿੰਦਾਂ ਵੱਡੇ ਸਾਕੇ | 11-12 |
| ਸੈਣੀ ਬਰਾਦਰੀ ਦੇ ਗੋਤ | 13 |
| Financial Help to the needy students | 14-16 |
| Five Years Members, Life Members & Donors | 17 |
| ਮਾਣਮੱਤੀ ਸੈਣੀ ਸਖ਼ਸ਼ੀਅਤ-ਸ਼੍ਰੀ ਸੁਰਿੰਦਰ ਸੈਣੀ | 18-19 |
| ਬੁਢਾਪੇ ਦੀ ਪੱਤਝੜ ਰੁੱਤ ਬਹਾਰ ਵਿੱਚ ਬਦਲੀਏ | 20-21 |
| ਸੈਣੀ ਬਰਾਦਰੀ ਦੇ ਮਾਣਮੱਤੇ ਸਪੂਤ | 22 |
| ਕਹਾਣੀ - ਬੋਦੀਆਂ ਜੜ੍ਹਾਂ ਵਾਲਾ ਰੁੱਖ | 23-24 |
| ਨੋਬਲ ਪੁਰਸਕਾਰ ਵਿਜੇਤਾ 2021 | 25 |
| ਸੈਣੀ ਭਵਨ ਦੇ ਟਰੱਸਟੀ ਸ. ਮਲਕੀਅਤ ਸਿੰਘ ਦਾ ਵਿਛੋੜਾ | 26 |
| ਕਵਿਤਾਵਾਂ | 27 |
| ਭਾਸ਼ਣ ਪ੍ਰਤਿਯੋਗਤਾ ਦੇ ਜੇਤੂ ਵਿਦਿਆਰਥੀਆਂ ਦੇ ਭਾਸ਼ਣ | 28-29 |
| ਸੈਰ ਸਪਾਟਾ - ਅਨੋਖੀ ਬਰਾਤ | 30-31 |
| ਕਹਾਣੀ - ਮੈਂ ਕਿੱਥੇ ਜਾਵਾਂ | 32 |
| ਆਓ ਜ਼ਿੰਦਗੀ ਦੇ ਅਸਲੀ ਮਕਸਦ ਨੂੰ ਸਮਝੀਏ | 33 |
| ਦੂਸ਼ਿਤ ਖਾਣਾ ਰੋਗੀ ਤਾਣਾ ਬਾਣਾ | 34-35 |
| ਆਓ ਆਪਣੇ ਗਿਆਨ ਦੀ ਪਰਖ ਕਰੀਏ-ਪ੍ਰਸ਼ਨੋਤਰੀ | 36 |
| Matrimonials | 37-43 |
| Trustees & Management Committee Members of Saini Bhawan Rupnagar | 44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਯਾਦਗਾਰੀ ਵਰ੍ਹੇ 2021 ਨੂੰ ਅਲਵਿਦਾ



ਅਜਮੇਰ ਸਿੰਘ (ਡਾ.)
ਰੂਪਨਗਰ

ਬੀਤੇ ਸਾਲ 2021 ਦਾ ਆਗਾਜ਼ ਭਾਰਤੀਆਂ ਅਤੇ ਵਿਸ਼ੇਸ਼ ਕਰ ਕੇ ਪੰਜਾਬਵਾਸੀਆਂ ਲਈ ਘੋਰ ਨਿਰਾਸ਼ਤਾ ਦੇ ਦੌਰ ਵਿੱਚ ਹੋਇਆ। ਇਹ ਉਹ ਸਮਾਂ ਸੀ ਜਦੋਂ ਸਰਕਾਰ ਦੇ ਨੋਟਬੰਦੀ, ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕਰ ਕੇ ਜੰਮੂ ਕਸ਼ਮੀਰ ਦੀ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡ ਕਰਨ, ਨਾਗਰਿਕਤਾ ਸੋਧ ਕਾਨੂੰਨ, ਸਨਅਤੀ ਕਾਮਿਆਂ ਦੇ ਹੱਕਾਂ ਨੂੰ ਸੀਮਿਤ ਕਰਨ ਵਾਲੇ ਕਿਰਤ ਕੋਡ ਅਤੇ ਹੋਰ ਕਈ ਲੋਕ-ਵਿਰੋਧੀ ਤੇ ਵੰਡਪਾਊ ਫ਼ੈਸਲਿਆਂ ਅਤੇ ਕਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਦੇਸ਼ਵਾਸੀ ਉਪਰਾਮਤਾ ਤੇ ਨਿਰਾਸ਼ਾ ਵਿਚੋਂ ਗੁਜ਼ਰ ਰਹੇ ਸਨ। ਇਨ੍ਹਾਂ ਲੋਕ ਵਿਰੋਧੀ ਫੈਸਲਿਆਂ ਵਿਰੁੱਧ ਉੱਠੇ ਅੰਦੋਲਨਾ ਨੂੰ ਕਰੂਰਤਾ ਨਾਲ ਕੁਚਲ ਦਿੱਤਾ ਗਿਆ ਸੀ। ਨਸ਼ਿਆਂ ਦੇ ਫੈਲਾਉ , ਬੇਰੁਜ਼ਗਾਰੀ ਅਤੇ ਰਿਸ਼ਵਤਖੋਰੀ ਨਾਲ ਝੰਬਿਆ ਪੰਜਾਬ ਪ੍ਰਵਾਸ ਨੂੰ ਹੀ ਉਦਾਸੀ ਅਤੇ ਬੇਗਾਨਗੀ ਵਿੱਚੋਂ ਨਿਕਲਣ ਦਾ ਇੱਕੋਇੱਕ ਸਾਧਨ ਮੰਨਣ ਲੱਗਾ ਸੀ। ਇੱਕ ਸਾਲ ਤੋਂ ਵੱਧ ਸਮੇਂ ਤੋਂ ਅੰਨਦਾਤਾ ਕਿਸਾਨ ਆਪਣੇ ਖੇਤਾਂ ਨੂੰ ਬਚਾਉਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਸਨ। ਅਤਿ ਦੀ ਠੰਢ ਨਾਲ ਖੁਲ੍ਹੇ ਮੈਦਾਨਾਂ ਵਿੱਚ ਬੈਠੇ ਅੰਦੋਲਨਕਰਤਾ ਕਿਸਾਨ ਮਰ ਰਹੇ ਸਨ ਪਰ ਸਰਕਾਰ ਉਨ੍ਹਾਂ ਨੂੰ ਅੰਦੋਲਨਜੀਵੀ ਤੇ ਦੇਸ਼ਧ੍ਰੋਹੀ ਕਹਿ ਕੇ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ।

'ਲੜਾਂਗੇ ਜਾਂ ਜਿੱਤਾਂਗੇ' ਦਾ ਨਾਅਰਾ ਲੈ ਕੇ ਸੰਘਰਸ਼ ਵਿੱਚ ਨਿੱਤਰੇ ਲੋਕ ਆਖਰ ਜਿੱਤ ਗਏ। ਨਾ ਕੇਵਲ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਤਿੰਨੋ ਕਾਨੂੰਨ ਵਾਪਸ ਹੋਏ ਸਗੋਂ ਫਸਲ ਦਾ ਘੱਟੋਘੱਟ ਮੁੱਲ ਨਿਯਤ ਕਰਨ, ਕਿਸਾਨਾਂ ਵਿਰੁੱਧ ਬਣਾਏ ਕੇਸ ਵਾਪਸ ਲੈਣ ਅਤੇ ਸ਼ਹੀਦ ਕਿਸਾਨਾਂ ਨੂੰ ਮੁਅਵਜ਼ਾ ਦੇਣ ਦਾ ਫੈਸਲਾ ਵੀ ਹੋਇਆ। ਬਿਨਾਂ ਕਿਸੇ ਖੂਨ-ਖ਼ਰਾਬੇ ਤੋਂ ਜਿੱਤਿਆ ਇਹ ਕਿਸਾਨੀ ਸੰਘਰਸ਼ ਯਾਦਗਾਰੀ ਹੋ ਨਿੱਬੜਿਆ। ਇਹ ਪ੍ਰਾਪਤੀ ਕਿਸਾਨਾਂ ਦੇ ਸਿਰੜ ਅਤੇ ਸਿਦਕ ਸਦਕਾ ਸੰਭਵ ਹੋਈ। ਇਸ ਜਿੱਤ ਨਾਲ ਬੀਤਿਆ ਸਾਲ ਪੰਜਾਬੀਆਂ ਲਈ ਯਾਦਗਾਰੀ ਅਤੇ ਉਮੀਦਾਂ ਭਰਪੂਰ ਵਰ੍ਹਾ ਹੋ ਨਿੱਬੜਿਆ। ਕਈ ਦਹਾਕਿਆਂ ਤੋਂ ਦੇਸ਼ ਵਿੱਚ ਅਜਿਹਾ ਅੰਦੋਲਨ ਨਹੀਂ ਸੀ ਉਗਮਿਆ ਜਿਹੜਾ ਕਰੋੜਾਂ ਲੋਕਾਂ ਨੂੰ ਸਾਂਝੀਵਾਲਤਾ ਅਤੇ ਆਸਾਂ-ਉਮੀਦਾਂ ਨੂੰ ਪੁਨਰਜੀਵਤ ਕਰਨ ਵਾਲੇ ਸੰਸਾਰ ਵਿੱਚ ਪ੍ਰਵੇਸ਼ ਕਰਵਾ ਸਕਦਾ। ਕਿਸਾਨਾਂ ਦੇ ਇਸ ਸੰਘਰਸ਼ ਨੇ ਤੀਰਥ ਸਿਰਜੇ ਅਤੇ ਦੇਸ਼ਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਨਵੇਂ ਅਰਥ ਦਿੱਤੇ, ਜਮਹੂਰੀਅਤ, ਸਾਂਝੀਵਾਲਤਾ ਤੇ ਹੱਕ-ਸੱਚ ਲਈ ਲੜਾਈ ਦੇ ਉਹ ਅਰਥ, ਜਿਹੜੇ ਲੋਕਾਂ ਦੀ ਜ਼ਿੰਦਗੀ 'ਚੋਂ ਗੁੰਮ ਹੋ ਚੁੱਕੇ ਸਨ। ਇਸ ਜਿੱਤ ਨੇ ਸਰਮਾਏਦਾਰੀ ਸਿਸਟਮ ਵਲੋਂ ਸਮਾਜ ਦੇ ਕੀਤੇ ਜਾ ਰਹੇ ਅਮਾਨਵੀਕਰਨ, ਜਿਸ ਰਾਹੀਂ ਮਨੁੱਖ ਨੂੰ ਮਨੁੱਖਤਾ ਤੋਂ ਮਹਿਰੂਮ ਕੀਤਾ ਜਾ ਰਿਹਾ ਸੀ, ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਬਹੁਤੇ ਅਰਥਸ਼ਾਸਤਰੀ ਮਨੁੱਖੀ ਜੀਵਨ ਦੀ ਗੁਣਵੱਤਾ ਨੂੰ ਕੁੱਲ ਘਰੇਲੂ ਉਤਪਾਦਨ, ਵਿਕਾਸ ਦਰ ਅਤੇ ਹੋਰ ਆਰਥਿਕ ਮਾਪਦੰਡਾਂ ਨਾਲ ਮਾਪਦੇ ਹਨ; ਉਨ੍ਹਾਂ ਨੂੰ ਇਸ ਵਿਕਾਸ ਨਾਲ ਪੈਦਾ ਹੋ ਰਹੀ ਮਨੁੱਖੀ ਅਸਮਾਨਤਾ ਦੀ ਕੋਈ ਪ੍ਰਵਾਹ ਨਹੀਂ ਹੁੰਦੀ; ਉਹ ਇਹ ਨਹੀਂ ਸਮਝਦੇ ਕਿ ਇਸ ਨਾਲ ਅਮੀਰ ਹੋਰ ਅਮੀਰ ਹੁੰਦੇ ਹਨ। ਕਿਸਾਨ ਅੰਦੋਲਨ ਨੇ ਅਰਥ-ਸ਼ਾਸਤਰੀਆਂ ਦੇ ਇਸ ਬਿਰਤਾਂਤ ਵਿਰੁੱਧ ਮਾਹੌਲ ਸਿਰਜਿਆ ਹੈ। ਡਰ ਅਤੇ ਸਹਿਮ ਵਾਲੇ ਮਾਹੌਲ ਵਿੱਚ ਕਿਸਾਨਾਂ ਦੀ ਸਫਲਤਾ ਨੇ ਸਿਆਸੀ ਮਾਹਰਾਂ ਨੂੰ ਸੱਤਾਧਾਰੀ ਪਾਰਟੀ ਦੀ ਤਾਕਤ ਵਿਚਲੀ ਕਚਿਆਈ ਅਤੇ ਭੁਰਪੁਰੇਪਣ ਵੱਲ ਧਿਆਨ ਦੇਣ ਲਈ ਵੀ ਮਜ਼ਬੂਰ ਕੀਤਾ ਹੈ।

ਇਸ ਕਿਸਾਨ ਅੰਦੋਲਨ ਨੇ ਕਾਰਪੋਰੇਟੀ ਵਿਕਾਸ ਮਾਡਲ ਵਲੋਂ ਉਸਾਰੇ ਗਏ ਨਿੱਜਵਾਦ ਨੂੰ ਢਾਹ ਲਾ ਕੇ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਨੂੰ ਸੁਰਜੀਤ ਕੀਤਾ ਹੈ। ਇਸ ਅੰਦੋਲਨ ਨੇ ਹਕੂਮਤੀ ਪਾਰਟੀਆਂ ਵਲੋਂ ਸਮਾਜ ਵਿੱਚ ਜਾਤ, ਧਰਮ ਅਤੇ ਇਲਾਕਾ ਜਿਹੇ ਵਿਤਕਰਿਆਂ ਨੂੰ ਉਕਸਾ ਕੇ ਲੋਕਾਂ ਵਿੱਚ ਪਾਈਆਂ ਜਾ ਰਹੀਆਂ ਵੰਡੀਆਂ ਨੂੰ ਤੋੜ ਕੇ ਏਕੇ ਦੀ ਤਾਕਤ ਨਾਲ ਲੋਕਾਂ ਨੂੰ ਰੂਬਰੂ ਕਰਵਾਇਆ ਹੈ। ਇਸ ਸਮਝ ਨੂੰ ਬਰਕਰਾਰ ਰੱਖਣ ਦੀ ਲੋੜ ਹੈ। ਕਿਸਾਨ ਲੀਡਰਸ਼ਿਪ ਦੀ ਹੁਣ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਸ ਵਿੱਚ ਵਿਚਾਰਵਟਾਂਦਰਾ ਕਰ ਕੇ ਦੇਸ਼ ਦੀ ਖੇਤੀ ਨੂੰ ਪੈਰਾਂ 'ਤੇ ਖੜ੍ਹੇ ਕਰਨ ਦਾ ਆਪਣਾ ਨਜ਼ਰੀਆ/ਮਾਡਲ ਪੇਸ਼ ਕਰਨ ਜਿਸ ਨਾਲ ਕਿਸਾਨੀ ਨੂੰ ਘੋਰ ਮਾਲੀ ਸੰਕਟ ਵਿੱਚੋਂ ਕੱਢਿਆ ਜਾ ਸਕੇ; ਉਹ ਕਰਜ਼ੇ ਦੀ ਪੰਡ ਤੋਂ ਮੁਕਤ ਹੋ ਸਕੇ ਅਤੇ ਖੁਦਕੁਸ਼ੀਆਂ ਦੇ ਮਾਹੌਲ ਵਿੱਚੋਂ ਨਿਕਲ ਕੇ ਖੁਸ਼ਹਾਲੀ ਦੇ ਰਸਤੇ 'ਤੇ ਤੁਰ ਸਕੇ। ਇਹ ਕਾਰਜ ਬਹਿਸਾਂ ਅਤੇ ਗੋਸ਼ਟੀਆਂ ਰਾਹੀਂ ਡੂੰਘੇ ਅਧਿਐਨ ਅਤੇ ਬਹਿਸ ਦੀ ਮੰਗ ਕਰਦਾ ਹੈ ਕਿਉਂਕਿ ਇਸ ਦੌਰਾਨ ਸਰਕਾਰ ਨਾਲ ਵਿਚਾਰਧਾਰਕ ਪੱਧਰ 'ਤੇ ਟਕਰਾਅ ਵੀ ਹੋਵੇਗਾ।

ਇਸ ਵਰ੍ਹੇ ਨੇ ਕਿਸਾਨਾਂ ਦੀ ਸੂਰਮਗਤੀ ਅਤੇ ਜਿੱਤ ਦਾ ਇਤਿਹਾਸ ਸਿਰਜਿਆ ਹੈ। ਇਸ ਨੇ ਲੋਕਾਈ ਨੂੰ ਆਸਾਂ, ਉਮੀਦਾਂ ਅਤੇ ਉਮੰਗਾਂ ਨਾਲ ਸਰਸ਼ਾਰ ਕੀਤਾ ਹੈ। ਜੇ ਹਰ ਵਰ੍ਹਾ ਅਜਿਹਾ ਸੰਘਰਸ਼ਮਈ ਬਣ ਜਾਵੇ ਤਾਂ ਮਨੁੱਖੀ ਜੀਵਨ ਦਾ ਸਫ਼ਰ ਅਰਥਭਰਪੂਰ ਅਤੇ ਸਿਰ ਉੱਚਾ ਕਰ ਕੇ ਤੁਰਨ ਵਾਲਾ ਬਣ ਜਾਵੇਗਾ। ਇਸ ਉਮੀਦ ਨਾਲ ਨਵੇਂ ਵਰ੍ਹੇ 2022 ਨੂੰ ਖੁਸ਼ਆਮਦੀਦ!

ਅਕਤੂਬਰ-ਦਸੰਬਰ, 2021 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਓਲੰਪਿਕ ਖੇਡਾਂ ਨੂੰ ਸਮਰਪਿਤ ਮੈਗਜ਼ੀਨ "ਸੈਣੀ ਸੰਸਾਰ" ਦਾ 42ਵਾਂ ਅੰਕ ਲੋਕਅਰਪਣ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ ''**ਸੈਣੀ ਸੰਸਾਰ**'' ਦਾ 42ਵਾਂ ਅੰਕ ਸੈਣੀ ਭਵਨ ਵਿਖੇ ਇੱਕ ਸਮਾਰੋਹ ਦੌਰਾਨ 8 ਅਕਤੂਬਰ,2021 ਨੂੰ ਜਾਰੀ ਕੀਤਾ ਗਿਆ। ਇਸ ਨੂੰ ਲੋਕਅਰਪਣ ਕਰਨ ਦੀ ਰਸਮ ਮੁੱਖ ਮਹਿਮਾਨ ਸ਼ਹਿਰ ਦੇ ਉੱਘੇ ਸਮਾਜ ਸੇਵਕ ਸ. ਅਮਰਜੀਤ ਸਿੰਘ ਸੈਣੀ ਨੇ ਕੀਤੀ। ਉਨ੍ਹਾਂ ਪ੍ਰਬੰਧਕਾਂ ਨੂੰ ਉਸਾਰੂ ਸੋਚ ਵਾਲੇ ਮੈਗਜ਼ੀਨ ਰਾਹੀ ਲੋਕਾਂ ਨੂੰ ਜਾਗਰੂਕ ਕਰਨ ਲਈ ਵਧਾਈ ਦਿੱਤੀ।ਉਨ੍ਹਾਂ ਨੇ ਸੰਸਥਾ ਦੇ ਵਿਕਾਸ ਕਾਰਜਾਂ ਲਈ 21000 ਰੁ: ਦਾਨ ਕੀਤੇ। ਇਸ ਮੌਕੇ ਬੋਲਦਿਆਂ ਸੰਸਥਾ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਮੁੱਖ ਸੰਪਾਦਕ ਡਾ. ਅਜਮੇਰ ਸਿੰਘ ਤੰਬੜ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਲੋਕਾਂ ਨੂੰ ਚੰਗਾ ਸਾਹਿਤ ਪੜ੍ਹਣ ਲਈ ਪ੍ਰੇਰਤ ਕੀਤਾ।

**ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ:-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵੱਲੋ 7 ਅਕਤੂਬਰ 2021 ਨੂੰ ਸੈਣੀ ਭਵਨ ਰੂਪਨਗਰ 'ਚ ਸਾਲਾਨਾ ਸਿੱਖਿਆ ਸਮਾਗਮ ਦੇ ਪਹਿਲੇ ਦਿਨ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜੂਨੀਅਰ ਵਰਗ ਲਈ ਪੰਜਾਬੀ ਭਾਸ਼ਾ ਦੇ ਵਿਸ਼ੇ ''ਕੇਂਦਰੀ ਨਵੇਂ ਖੇਤੀ ਕਾਨੂੰਨ, ਵਰ ਜਾਂ ਸਰਾਪ'' ਦੇ ਭਾਸ਼ਣ ਮੁਕਾਬਲੇ ਵਿੱਚ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਤੋਂ +2 ਦੀ ਵਿਦਿਆਰਥਣ ਦਮਨਜੋਤ ਕੌਰ ਨੇ ਪਹਿਲਾ, ਕਿਡਜ਼ ਪੈਰਾਡਾਈਜ ਸਕੂਲ ਰੰਗੀਲਪੁਰ ਤੋਂ 7ਵੀਂ ਦੀ ਵਿਦਿਆਰਥਣ ਅਮਨਪ੍ਰੀਤ ਕੌਰ ਨੇ ਦੂਜਾ ਅਤੇ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਤੋਂ ਹੀ 10ਵੀਂ ਦੇ ਵਿਦਿਆਰਥੀ ਇੰਦਰਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਜਦੋਂਕਿ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਦੇ +2 ਦੀ ਵਿਦਿਆਰਥਣ ਦਿਲਪ੍ਰੀਤ ਕੌਰ ਅਤੇ ਨੇਤਾ ਜੀ ਮਾਡਲ ਸਕੂਲ ਰੂਪਨਗਰ 9ਵੀਂ ਦੀ ਅਰਸ਼ਪ੍ਰੀਤ ਕੌਰ ਕਰਮਵਾਰ ਚੌਥੇ ਤੇ 5ਵੇਂ ਸਥਾਨ ਤੇ ਰਹੀਆਂ। ਸੀਨੀਅਰ ਵਰਗ ਲਈ ਅੰਗਰੇਜ਼ੀ ਭਾਸ਼ਾ ਦੇ ਵਿਸ਼ੇ ''ਕੋਵਿਡ-19 ਨਾਲ ਨਿਪਟਣ ਲਈ ਸਰਕਾਰੀ ਨੀਤੀ-ਸਫਲ ਜਾਂ ਅਸਫ਼ਲ'' (''Governmental strategy dealing with Covid-19:- A success or a failure".) ਦੇ ਭਾਸ਼ਣ ਮੁਕਾਬਲੇ 'ਚ ਭਾਈ ਨੰਦ ਲਾਲ ਪਬਲਿਕ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦਾ ਵਿਦਿਆਰਥੀ ਹਰਮੇਸ਼ ਸੈਣੀ ਪਹਿਲੇ, ਸੈਂਟ ਕਾਰਮਲ ਸਕੂਲ ਕਟਲੀ ਦੀ ਵਿਦਿਆਰਥਣ ਪ੍ਰਾਚੀ ਬੇਹਕੀ ਨੇ ਦੂਜਾ ਤੇ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਦੀ ਵਿਦਿਆਰਥਣ ਕਵਿਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਦੋਂਕਿ ਸਤਲੁਜ ਪਬਲਿਕ ਸਕੂਲ ਰੂਪਨਗਰ ਦੀ ਹਰਸਿਮਰਨ ਅਤੇ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਦੀ ਆਯੂਸੀ ਕਰਮਵਾਰ ਚੌਥੇ 'ਤੇ 5ਵੇਂ ਸਥਾਨ 'ਤੇ ਰਹੀਆਂ। ਇਨ੍ਹਾਂ ਦੋਨੋਂ ਭਾਸ਼ਣ ਮੁਕਾਬਲਿਆਂ ਵਿੱਚ 10 ਸਿੱਖਿਆ ਅਦਾਰਿਆਂ ਦੇ ਪੰਜਾਬੀ 'ਚ 15 ਅਤੇ ਅੰਗਰੇਜ਼ੀ ਭਾਸ਼ਣ ਮੁਕਾਬਲੇ ਵਿਚ 12 ਵਿਦਿਆਰਥੀਆਂ ਨੇ ਭਾਗ ਲਿਆ। ਅੰਗਰੇਜ਼ੀ ਭਾਸ਼ਣ ਮੁਕਾਬਲੇ ਵਿੱਚ ਜੇਤੂਆਂ ਨੂੰ ਕਰਮਵਾਰ 2000/-, 1600/-, 1200/- ਅਤੇ ਪੰਜਾਬੀ ਭਾਸ਼ਣ ਮੁਕਾਬਲੇ 'ਚ 1500/-1200/- ਤੇ 1000/- ਰੁਪਏ ਤੋਂ ਇਲਾਵਾ ਚੌਥੇ ਤੇ 5ਵੇਂ ਸਥਾਨ ਵਾਲਿਆਂ ਨੂੰ ਕਨਸੋਲੇਸ਼ਨ 500-500 ਰੁਪਏ ਦਾ ਨਕਦ ਇਨਾਮ 8 ਅਕਤੂਬਰ 2021 ਨੂੰ ਸਿੱਖਿਆ ਸਮਾਗਮ ਦੇ ਦੂਜੇ ਦਿਨ ਦੇ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਲੋਂ ਦਿੱਤੇ ਗਏ। ਇਸ ਸਮਾਗਮ ਦਾ ਆਰੰਭ ਮਾਂ ਸਰਸਵਤੀ ਦੀ ਤਸਵੀਰ ਅੱਗੇ ਟਰੱਸਟ ਦੇ ਸਮੂਹ ਮੈਂਬਰਾਂ ਵਲੋਂ ਸ਼ਮ੍ਹਾ ਰੋਸ਼ਨ ਕਰਕੇ ਅਤੇ ''ਦੇਹਿ ਸਿਵਾ'' ਦੇ ਸਬਦ ਗਾਇਨ ਨਾਲ ਕੀਤਾ ਗਿਆ। ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਵਿਦਿਆਰਥੀਆਂ ਅਤੇ ਨਾਲ ਆਏ ਅਧਿਆਪਕਾਂ ਦਾ ਟਰੱਸਟ ਵਲੋਂ ਸਵਾਗਤ ਕੀਤਾ, ਚੇਅਰਮੈਨ ਬਲਬੀਰ ਸਿੰਘ ਨੇ ਭਾਸ਼ਣ ਪ੍ਰਤਿਯੋਗਤਾ ਸਬੰਧੀ ਜ਼ਰੂਰੀ ਨਿਯਮਾਂ ਤੋਂ ਜਾਣੂ ਕਰਵਾਇਆ ਜਦੋਂਕਿ ਪ੍ਰਤਿਯੋਗਤਾ ਕਰਵਾਉਣ ਦੀ ਸੇਵਾ ਟਰੱਸਟੀ ਡਾ. ਜਸਵੰਤ ਕੌਰ ਅਤੇ ਗੁਰਮੁੱਖ ਸਿੰਘ ਲੌਂਗੀਆ ਨੇ ਨਿਭਾਈ। ਜੱਜਾਂ ਦੀ ਭੂਮਿਕਾ ਪੰਜਾਬੀ ਭਾਸ਼ਾ ਲਈ ਪੋ. ਵਿਪਨ ਕੁਮਾਰ, ਨੈਸ਼ਨਲ ਐਵਾਰਡੀ ਯੋਗੇਸ਼ ਮੋਹਨ ਪੰਕਜ ਤੇ ਸੇਵਾਮੁਕਤ ਅਧਿਆਪਕਾ ਪਰਮਿੰਦਰ ਕੌਰ ਪੰਡੋਹਲ ਅਤੇ ਅੰਗਰਜ਼ੀ ਭਾਸ਼ਾ ਲਈ ਰਿਟਾ. ਜ਼ਿਲ੍ਹਾ ਸਿੱਖਿਆ ਅਫਸਰ ਡਾ. ਹਰਚਰਨ ਦਾਸ, ਰਿਟਾ. ਲੈਕਚਰਾਰ ਮਿਸਜ਼ ਰੇਮਨ ਸ਼ਰਮਾ ਅਤੇ ਲੈਕਚਰਾਰ ਭਗਵੰਤ ਕੌਰ ਨੇ ਨਿਭਾਈ। ਇਸ ਮੌਕੇ ਟਰੱਸਟੀਜ਼ ਅਤੇ ਪ੍ਰਬੰਧਕੀ ਕਮੇਟੀ ਮੈਂਬਰ ਡਾ. ਅਜਮੇਰ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਜਗਦੇਵ ਸਿੰਘ, ਸੁਰਿੰਦਰ ਸਿੰਘ, ਦਲਜੀਤ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

**ਸਾਲਾਨਾ ਸਿੱਖਿਆ ਸਮਾਗਮ-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਵਲੋਂ ਮਿਤੀ 8 ਅਕਤੂਬਰ 2021 ਨੂੰ ਸਾਲਾਨਾ ਸਿੱਖਿਆ ਸਮਾਗਮ ਦੇ ਦੂਜੇ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸ਼ਹਿਰ ਦੇ ਉੱਘੇ ਸਮਾਜ ਸੇਵਕ ਅਮਰਜੀਤ ਸਿੰਘ ਸੈਣੀ ਨੇ ਟਰੱਸਟ ਸਾਲ 2021-22 ਦੇ ਵਿਦਿਅਕ ਸੈਸ਼ਨ ਲਈ ਵੱਖ

ਵੱਖ ਵਿਦਿਅਕ ਅਦਾਰਿਆਂ ਵਿੱਚ ਉਚੇਰੀ ਸਿੱਖਿਆ ਹਾਸਲ ਕਰ ਰਹੇ ਜ਼ਰੂਰਤਮੰਦ ਤੇ ਹੁਸ਼ਿਆਰ 91 **ਵਿਦਿਆਰਥੀਆਂ ਨੂੰ 5 ਲੱਖ 75 ਹਜ਼ਾਰ ਰੁਪਏ ਦੇ ਵਜੀਫ਼ੇ ਦੇ ਚੈਕ ਵੰਡੇ।** ਉਨ੍ਹਾਂ ਇਸ ਮੌਕੇ ਤੇ ਬੋਲਦਿਆਂ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਤ ਕੀਤਾ ਅਤੇ ਟਰੱਸਟ ਦੇ ਪ੍ਰਬੰਧਕਾਂ ਨੂੰ ਵਿਦਿਆ ਨੂੰ ਉਤਸ਼ਾਹਿਤ ਕਰਨ ਲਈ ਵਧਾਈ ਦਿੱਤੀ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਰਾਇਸ ਮਿਲਰਜ਼ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਤਰਸੇਮ ਸੈਣੀ ਨੇ ਵਜੀਫ਼ੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਸਮੇਂ ਵਜ਼ੀਫ਼ਿਆਂ ਦੇ ਡੋਨਰਜ਼ ਦਾ ਸਨਮਾਨ ਵੀ ਕੀਤਾ ਗਿਆ। ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਭ ਦਾ ਸਵਾਗਤ ਕੀਤਾ ਅਤੇ ਚੇਅਰਮੈਨ ਬਲਬੀਰ ਸਿੰਘ ਨੇ ਟਰੱਸਟ ਦੀਆਂ ਗਤੀਵਿਧੀਆ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਨੂੰ ਸੈਣੀ ਭਵਨ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਟਰੱਸਟੀ ਗੁਰਮੱਖ ਸਿੰਘ ਲੌਂਗੀਆ, ਰਾਮ ਸਿੰਘ ਸੈਣੀ, ਅਮਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਐਮ. ਸੀ. ਗੁਰਮੁੱਖ ਸਿੰਘ ਸੈਣੀ ਨੇ ਰੈਗੂਲਰ ਵਜੀਫ਼ਾ ਦੇਣ ਲਈ **50 ਹਜ਼ਾਰ ਰੁਪਏ ਹੋਰ ਦਾਨ ਕੀਤੇ।** ਇਸ ਸਮੇਂ ਸੰਸਥਾ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਮੈਂਬਰ ਕੈਪਟਨ ਹਾਕਮ ਸਿੰਘ, ਡਾ. ਜਸਵੰਤ ਕੌਰ, ਦੇਵਿੰਦਰ ਸਿੰਘ ਜਟਾਣਾ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਜਗਦੇਵ ਸਿੰਘ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਦਲਜੀਤ ਸਿੰਘ, ਹਰਦੀਪ ਸਿੰਘ ਤੋਂ ਇਲਾਵਾ ਡੋਨਰਜ਼ ਡਾ. ਸਵਰਨ ਸਿੰਘ, ਰਾਜਿੰਦਰ ਸਿੰਘ ਨਨੂੰਆ, ਇੰਜ. ਅਮਰੀਕ ਸਿੰਘ, ਇੰਦਰਜੀਤ ਸਿੰਘ ਖਾਨਪੁਰ ਅਤੇ ਐਮ ਸੀਜ਼ ਜਸਵਿੰਦਰ ਕੌਰ, ਸਰਬਜੀਤ ਸਿੰਘ, ਨੀਰੂ ਗੁਪਤਾ, ਮਦਨ ਗੁਪਤਾ, ਸੁਖਵਿੰਦਰ ਸਿੰਘ ਦੇਸੂਮਾਜਰਾ, ਕੁਲਦੀਪ ਸਿੰਘ ਗੋਲੀਆ, ਗਿਆਨੀ ਈਸ਼ਰ ਸਿੰਘ, ਵਿਜੇ ਲਛਮੀ, ਐਮ ਐਮ ਸਿੰਘ, ਰਾਜਿੰਦਰ ਸਿੰਘ ਮੁੰਦਰਾ, ਪਰਮਿੰਦਰ ਕੌਰ ਪੰਦੋਹਲ, ਚੰਦਰ ਸ਼ੇਖਰ, ਪ੍ਰੋ. ਪ੍ਰਤਿਭਾ ਸੈਣੀ, ਪ੍ਰਿੰ. ਰਾਜਿੰਦਰ ਕੌਰ, ਅਮਰਜੀਤ ਸਿੰਘ ਆਦਿ ਹਾਜਰ ਸਨ।

**ਲੈਫਟੀਨੈਂਟ ਚੁੱਣੇ ਜਾਣ 'ਤੇ ਪਰਮਿੰਦਰ ਪਾਲ ਸਿੰਘ ਨੂੰ ਕੀਤਾ ਸਨਮਾਨਿਤ–**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਦੀ ਪ੍ਰਬੰਧਕੀ ਕਮੇਟੀ ਵੱਲੋਂ 4 ਦਸੰਬਰ 2021 ਨੂੰ ਸੈਣੀ ਭਵਨ ਵਿਖੇ ਰਾਜਸਥਾਨ ਰਾਇਲ ਹੋਟਲ ਰੂਪਨਗਰ ਦੇ ਮਾਲਕ ਸ. ਕੁਲਬੀਰ ਸਿੰਘ ਵਸਨੀਕ ਗਿੱਲਕੋ ਵੈਲੀ, ਰੂਪਨਗਰ ਅਤੇ ਸ਼੍ਰੀਮਤੀ ਹਰਮਨਜੀਤ ਕੌਰ ਦੇ ਸਪੁੱਤਰ ਪਰਮਿੰਦਰ ਪਾਲ ਸਿੰਘ ਨੂੰ ਭਾਰਤੀ ਫੌਜ ਵਿੱਚ ਲੈਫਟੀਨੈਂਟ ਚੁੱਣੇ ਜਾਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰ ਅਤੇ ਪਰਮਿੰਦਰਪਾਲ ਸਿੰਘ ਦੇ ਪਰਿਵਾਰਿਕ ਮੈਂਬਰ ਹਾਜ਼ਰ ਸਨ।

**ਸੈਣੀ ਭਵਨ ਦੀਆਂ ਸਿਖਿਆਰਥਣਾ ਦੀ ਮਾਇਕ ਸਹਾਇਤਾ–**

ਇੰਨਰਵੀਲ੍ਹ ਕਲੱਬ ਦੀ ਪ੍ਰਧਾਨ ਸ਼੍ਰੀਮਤੀ ਕੁਲਵਿੰਦਰ ਕੌਰ ਸੈਣੀ ਨੇ ਸੈਣੀ ਭਵਨ ਵਿੱਚ ਚੱਲਦੇ ਕਿੱਤਾ ਸਿਖਲਾਈ ਕੇਂਦਰਾਂ ਵਿੱਚ ਪੜ੍ਹਦੀਆਂ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਦੀ ਮਾਇਕ ਸਹਾਇਤਾ ਕੀਤੀ। ਇਸ ਅਧੀਨ ਉਨ੍ਹਾਂ ਨੇ ਬਿਊਟੀਸ਼ੀਅਨ ਆਰਟ ਸੈਂਟਰ ਦੀਆਂ ਤਿੰਨ ਸਿਖਿਆਰਥਣਾ ਦੀਆਂ ਫੀਸਾਂ ਦਾ ਬਕਾਇਆ 3500 ਰੁਪਏ ਅਤੇ ਕੰਪਿਊਟਰ ਸਿਖਲਾਈ ਵਿੱਚ ਪੜ੍ਹਦੀ ਇੱਕ ਲੜਕੀ ਦੀ ਤਿੰਨ ਮਹੀਨਿਆਂ ਦੀ ਫੀਸ 750 ਰੁਪਏ ਅਦਾ ਕੀਤੇ। ਉਨ੍ਹਾਂ ਨੇ ਖਾਹਿਸ਼ ਜਾਹਿਰ ਕੀਤੀ ਕਿ ਇੱਥੋਂ ਬਿਊਟੀਸ਼ਿਅਨ ਕਲਾ ਦੀ ਸਿਖਲਾਈ ਪ੍ਰਾਪਤ ਕੁੱਝ ਲੜਕੀਆਂ ਨੂੰ ਆਪਣਾ ਕਾਰੋਬਾਰ ਸਥਾਪਿਤ ਕਰਨ ਲਈ ਲੋੜੀਂਦਾ ਸਾਜ਼ੋਸਾਮਾਨ ਖਰੀਦਣ ਲਈ ਵੀ ਉਹ ਮਾਇਕ ਸਹਾਇਤਾ ਕਰਨਗੇ।

**ਸੈਣੀ ਭਵਨ ਦੇ ਦਾਨੀ ਦਾ ਸਨਮਾਨ–**

ਸੈਣੀ ਭਵਨ ਦੀ ਹਿਤੈਸ਼ੀ ਪ੍ਰਸਿੱਧ ਲੇਖਕਾ ਰੂਪਨਗਰ ਵਾਸੀ ਸ਼੍ਰੀਮਤੀ ਸੁਰਿੰਦਰ ਕੌਰ ਸੈਣੀ ਦੇ ਅਮਰੀਕਾ ਵਿੱਚ ਰਹਿੰਦੇ ਦਾਮਾਦ ਸ. ਅਮਰਜੀਤ ਸਿੰਘ ਪੁਤਰ ਸ. ਰਤਨ ਸਿੰਘ ਪਿੰਡ ਪਠਲਾਵਾ ਜ਼ਿਲ੍ਹਾ ਐਸ.ਬੀ.ਐਸ ਨੇ ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ 20000 ਰੁਪਏ ਸਹਾਇਤਾ ਦਿੱਤੀ। ਜਿਸ ਲਈ ਸੈਣੀ ਭਵਨ ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਇਸ ਸੰਸਥਾ ਦੇ ਕਈ ਮੈਂਬਰ ਹਾਜ਼ਰ ਹੋਏ।

**ਨਵੇਂ ਸਾਲ 2022 ਦੇ ਆਗਮਨ ਨੂੰ "ਜੀ ਆਇਆਂ"–**

2 ਜਨਵਰੀ 2022 ਨੂੰ ਨੂਰਪੁਰ ਬੇਦੀ ਦੇ ਪਾਸ ਪਹਾੜ ਦੀ ਗੋਦੀ ਵਿੱਚ ਸਥਾਪਿਤ ਫਾਰਮ ਹਾਊਸ ਬਰੋਟਾ ਵਿਖੇ ਸੈਣੀ ਭਵਨ ਰੋਪੜ ਦੇ ਮੈਂਬਰਾਂ ਨੇ ਦੁਪਹਿਰ ਦੇ ਖਾਣੇ ਦਾ ਅਨੰਦ ਮਾਣ ਕੇ ਨਵੇਂ ਸਾਲ ਨੂੰ "ਜੀ ਆਇਆਂ" ਆਖਿਆ।



**ਵੋਟ ਦੇ ਅਧਿਕਾਰ ਅਤੇ ਵਰਤੋਂ ਪ੍ਰਤਿ ਚੇਤਨਾ ਕੈਂਪ –**

ਭਾਰਤ ਦੇ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਅਤੇ ਇਨ੍ਹਾਂ ਦੀ ਉਚਿਤ ਵਰਤੋਂ ਕਰਨ ਪ੍ਰਤਿ ਜਾਗਰੂਕ ਕਰਨ ਲਈ ਨਹਿਰੂ ਯੁਵਕ ਕੇਂਦਰ ਰੂਪਨਗਰ ਦੇ ਯੁਵਕਾਂ ਨੇ 24 ਦਸੰਬਰ 2021 ਨੂੰ ਸੈਣੀ ਭਵਨ ਰੂਪਨਗਰ ਵਿੱਚ ਇੱਕ ਨੁੱਕੜ ਨਾਟਕ "ਜਾਗੋ" ਦਾ ਆਯੋਜਨ ਕੀਤਾ। ਇਸ ਵਿੱਚ ਸੈਣੀ ਭਵਨ ਦੇ ਪ੍ਰਬੰਧਕ ਅਤੇ ਇਸ ਦੇ ਕਿੱਤਾ ਸਿਖਲਾਈ ਕੇਂਦਰ ਦੀਆਂ ਅਧਿਆਪਕਾਵਾਂ ਤੇ ਵਿਦਿਆਰਥਣਾਂ ਨੇ ਸ਼ਮੂਲੀਅਤ ਕੀਤੀ।

## ਮਹਾਂਦਾਨੀ ਸਵਰਗੀ ਸ਼੍ਰੀ ਲੇਖ ਰਾਜ ਮੁੰਦਰਾ ਦਾ 100ਵਾਂ ਜਨਮ ਦਿਨ ਮਨਾਇਆ

ਸੈਣੀ ਭਵਨ ਰੂਪਨਗਰ ਦੇ ਮੋਢੀ ਅਤੇ ਬਜ਼ੁਰਗਾਂ ਦੀ ਭਲਾਈ ਲਈ ਚਲਾਏ ਜਾ ਰਹੇ "ਆਪਣਾ ਘਰ" ਦੇ ਸੰਸਥਾਪਕ ਸਵ. ਲੇਖ ਰਾਮ ਮੁੰਦਰਾ ਜੀ ਦਾ 100ਵਾਂ ਜਨਮ ਦਿਨ ਪਹਿਲੀ ਅਕਤੂਬਰ, 2021 ਨੂੰ ਹਵੇਲੀ ਕਲਾਂ ਵਿਖੇ ਮਨਾਇਆ ਗਿਆ। ਇਸ ਦਾ ਆਰੰਭ ਮੁੱਖ ਮਹਿਮਾਨ ਨਗਰ ਕੌਂਸਲ ਰੂਪਨਗਰ ਦੇ ਪ੍ਰਧਾਨ ਸ਼੍ਰੀ ਸੰਜੇ ਵਰਮਾ ਨੇ ਕੀਤਾ। ਉਨ੍ਹਾਂ ਨੇ ਆਪਣਾ ਘਰ ਦੇ ਭਲਾਈ ਕਾਰਜਾਂ ਲਈ 51 ਹਜ਼ਾਰ ਰੁਪਏ ਦੀ ਮਾਲੀ ਮਦਦ ਵੀ ਕੀਤੀ। ਇਸ ਮੌਕੇ ਬੋਲਦਿਆਂ ਟਰੱਸਟ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਵਰਗੀ ਸ਼੍ਰੀ ਲੇਖ ਰਾਜ ਮੁੰਦਰਾ ਦੇ ਸਮਾਜ ਸੇਵੀ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਥਾ ਨੂੰ ਚਲਾਉਣ ਲਈ





ਹਰ ਇਕ ਖੇਤਰ ਤੋਂ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਬੱਚੀਆਂ ਨੇ ਸ਼ਾਨਦਾਰ ਗਿੱਧਾ ਪੇਸ਼ ਕੀਤਾ ਗਿਆ ਅਤੇ ਕ੍ਰਾਂਤੀਕਲਾ ਮੰਚ ਦੇ ਕਲਾਕਾਰਾਂ ਵਲੋਂ ਇਕ ਪ੍ਰਭਾਲਸ਼ਾਲੀ ਨਾਟਕ "ਚਕੱਰਵਿਊ" ਖੇਡਿਆ ਗਿਆ। ਇਸ ਮੌਕੇ ਦੋਵੇਂ ਸੰਸਥਾਵਾਂ ਦੇ ਪ੍ਰਬੰਧਕਾਂ ਤੋਂ ਇਲਾਵਾ ਪੰਜਾਬ ਯੂਥ ਕਾਂਗਰਸ ਪ੍ਰਧਾਨ ਬਰਿੰਦਰ ਸਿੰਘ ਢਿੱਲੋ ਦੇ ਪਿਤਾ ਸ. ਰਣਜੀਤ ਸਿੰਘ ਢਿੱਲੋ, ਮਾਤਾ ਸ਼੍ਰੀਮਤੀ ਸਿਮਰਜੀਤ ਕੌਰ ਢਿੱਲੋ, ਐਮ.ਸੀਜ਼ ਰਾਜੇਸ ਕੁਮਾਰ, ਨੀਰੂ ਗੁਪਤਾ, ਸਰਵਜੀਤ ਸਿੰਘ, ਚਰਨਜੀਤ ਸਿੰਘ ਚੰਨੀ, ਡਾ. ਆਰ. ਐਸ. ਪਰਮਾਰ, ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਅਮ੍ਰਿਤ ਬਾਲਾ ਅਤੇ ਪ੍ਰਧਾਨ ਵਪਾਰ ਮੰਡਲ ਪਰਮਿੰਦਰਪਾਲ ਸਿੰਘ ਬਿੱਟਾ ਵੀ ਹਾਜਰ ਸਨ।



ਸਰਬੰਸਦਾਨੀ, ਮਹਾਨ ਯੋਧੇ
ਅਤੇ ਮਨੁੱਖਤਾ ਦੇ ਰਹਿਬਰ
**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ**
**ਦੇ ਪ੍ਰਕਾਸ਼ ਪੁਰਬ**
ਮਿਤੀ 9 ਜਨਵਰੀ 2022
ਦੀ
ਸੈਣੀ ਸੰਸਾਰ ਮੈਗਜ਼ੀਨ ਦੇ ਪਾਠਕਾਂ
ਨੂੰ ਲੱਖ-ਲੱਖ ਵਧਾਈ

## ਮਨਪ੍ਰੀਤ ਸੈਣੀ -ਜਿਨ੍ਹੇ ਹਿੰਮਤ ਯਾਰ ਬਣਾਈ

ਕਿਹਾ ਜਾਂਦਾ ਹੈ ਕਿ ਜਿਸ ਮਨੁੱਖ ਨੂੰ ਕੁਦਰਤ ਕੁੱਝ ਅਹਿਮ ਅੰਗਾਂ ਤੋਂ ਵਾਂਝਾ ਰਖਦੀ ਹੈ ਉਸ ਦੇ ਅੰਦਰ ਅਜਿਹੀ ਰੂਹ ਫੂਕ ਦਿੰਦੀ ਹੈ ਕਿ ਉਹ ਦੁਨੀਆਂ ਲਈ ਪੂਰੇ ਮਨੁੱਖ ਤੋਂ ਵੱਧ ਕਾਰਜ ਕਰ ਜਾਂਦਾ ਹੈ। ਅਜਿਹਾ ਹੀ ਜਲੰਧਰ ਜ਼ਿਲ੍ਹੇ ਦੇ ਪਿੰਡ ਲਸਾੜਾ ਦੇ ਸੈਣੀ ਪਰਿਵਾਰ ਦਾ ਮਨਪ੍ਰੀਤ ਸੀ ਜੋ 29 ਕੁ ਸਾਲ ਦੀ ਉਮਰ ਵਿੱਚ ਅਜਿਹੇ ਕਾਰਨਾਮੇ ਕਰ ਗਿਆ ਜਿਨ੍ਹਾਂ ਨੂੰ ਯਾਦ ਕਰ ਕੇ ਹਰ ਵਿਅਕਤੀ ਧੰਨ ਧੰਨ ਕਰ ਉੱਠਦਾ ਹੈ। ਉਹ ਆਪਣੇਆਪ ਬੈਠਣ-ਉੱਠਣ, ਹੱਥ ਹਿਲਾਉਣ, ਤੁਰਨ ਅਤੇ ਸਰੀਰ ਨੂੰ ਸੰਭਾਲਣ ਦੇ ਅਸਮਰਥ ਸੀ। ਇਸ ਦੇ ਬਾਵਜੂਦ ਵੀਲ੍ਹ ਕੁਰਸੀ 'ਤੇ ਬੈਠ ਕੇ ਮੂੰਹ ਵਿੱਚ ਬਾਂਸ ਦੀ ਤੀਲੀ ਪਾ ਕੇ ਉਸ ਨਾਲ ਕੰਪਿਊਟਰ ਨੂੰ ਪੂਰੀ ਯੋਗਤਾ ਨਾਲ ਚਲਾਉਂਦਾ ਸੀ। ਉਹ ਅਜੇ ਪ੍ਰਾਇਮਰੀ ਸਕੂਲ ਵਿੱਚ ਹੀ ਪੜ੍ਹਦਾ ਸੀ ਕਿ ਗਲੇ ਦੇ ਪਿੱਛੇ ਫੋੜਾ ਨਿਕਲਿਆ ਜਿਸ ਨੇ ਉਸ ਦੇ ਸਰੀਰ ਨੂੰ ਨਕਾਰਾ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਘਰਦਿਆਂ ਨੇ ਉਸ ਨੂੰ ਵੱਡੇ ਤੋਂ ਵੱਡੇ ਡਾਕਟਰ ਨੂੰ ਦਿਖਾਇਆ ਪਰ ਰੋਗ ਵਧਦਾ ਹੀ ਗਿਆ। ਉਨ੍ਹਾਂ ਨੇ ਸਾਧਾਂ-ਸੰਤਾਂ ਦੇ ਪੈਰ ਵੀ ਫੜੇ। ਧਾਰਮਿਕ ਸਥਾਨਾਂ 'ਤੇ ਅਰਦਾਸਾਂ ਕੀਤੀਆਂ ਪਰ ਕਿਤਿਓਂ



ਕੁੱਝ ਪੱਲੇ ਨਾ ਪਿਆ। ਉਸ ਦੀ ਮਾਂ ਹੀ ਉਸਦੀ ਪੱਕੀ ਸਹਾਇਕ ਬਣ ਗਈ। ਉਸ ਨੇ ਕੰਪਿਊਟਰ ਨਾਲ ਹੀ ਪੱਕੀ ਯਾਰੀ ਪਾ ਲਈ। ਮੀਡੀਆ ਨਾਲ ਜੁੜ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਾਹਿਤਕਾਰਾਂ ਨਾਲ ਨਾਤਾ ਜੋੜ ਲਿਆ। ਉਸ ਨੇ ਇਕ ਸਾਥੀ ਨਾਲ ਮਿਲ ਕੇ 'ਮੈਜਿਕ ਵਰਕਸ ਸਟੂਡੀਓ' ਖੋਲ੍ਹਿਆ, ਵਿਆਹ-ਸ਼ਾਦੀਆਂ ਦੀਆਂ ਐਲਬਮਾਂ ਦੇ ਕੋਲਾਜ਼ ਅਤੇ ਫੋਟੋਮਿਕਸਿੰਗ ਦਾ ਕੰਮ ਕਰਕੇ ਕਮਾਈ ਦਾ ਸਾਧਨ ਬਣਾਇਆ। ਉਹ ਸਵੈਨਿਰਭਰ ਹੋ ਗਿਆ। ਉਸ ਨੇ ਆਪਣੀ ਕਿਸਮਤ 'ਤੇ ਗਿਲਾ ਕਰਨ ਅਤੇ ਰੱਬ ਨੂੰ ਉਲਾਂਭਾ ਦੇਣ ਦੀ ਬਜਾਏ ਦ੍ਰਿੜ੍ਹਤਾ ਨਾਲ ਅੰਗਹੀਣਤਾ ਦਾ ਮੁਕਾਬਲਾ ਕੀਤਾ। ਉਹ ਹਮੇਸ਼ਾਂ ਸਵੈਵਿਸ਼ਵਾਸ ਨਾਲ ਚੜ੍ਹਦੀਕਲਾ ਵਿੱਚ ਰਿਹਾ। ਉਸ ਨੇ ਆਪਣੇ ਜੀਵਨ ਦੇ ਉਤਰਾਵਾਂ-ਚੜ੍ਹਾਵਾਂ ਨੂੰ ਬਿਆਨ ਕਰਦੀ ਸਵੈਜੀਵਨੀ ਵੀ ਲਿਖੀ। ਉਸ ਨੇ ਜੀਵਨ ਨੂੰ ਰੋ ਰੋ ਕੇ ਨਹੀਂ ਬਿਤਾਇਆ ਸਗੋਂ ਖੁਸ਼ੀ ਖੁਸ਼ੀ ਜੀਵਿਆ ਅਤੇ ਹੰਢਾਇਆ। ਉਸ ਨੇ ਆਪਣੇ ਹਸਮੁਖ ਸੁਭਾ ਨਾਲ ਸਾਰਿਆਂ ਦਾ ਮਨ ਜਿੱਤਿਆ। ਉਸ ਨੇ ਪੂਰੀ ਦ੍ਰਿੜ੍ਹਤਾ ਤੇ ਹੌਸਲੇ ਨਾਲ ਉਹ ਕਰ ਦਿਖਾਇਆ ਜੋ ਪੂਰੇ-ਸੂਰੇ ਸਰੀਰ ਵਾਲਾ ਵੀ ਨਹੀਂ ਕਰ ਸਕਦਾ। ਉਹ ਮਰਨ ਤੋਂ ਪਹਿਲਾਂ ਆਪਣੀਆਂ ਅੱਖਾਂ ਦਾਨ ਕਰ ਕੇ ਦੋ ਲੋੜਵੰਦਾਂ ਨੂੰ ਦੁਨੀਆਂ ਦੇਖ ਸਕਣ ਦੇ ਯੋਗ ਬਣਾ ਗਿਆ। ਮਨਪ੍ਰੀਤ ਦਾ ਜੋਬਨ ਰੁੱਤੇ ਤੁਰ ਜਾਣਾ ਸਭ ਲਈ ਬਹੁਤ ਦੁਖਦਾਈ ਹੈ। ਉਹ ਸ਼ਿਵ ਕੁਮਾਰ ਦੇ ਕਥਨ ਅਨੁਸਾਰ ਪ੍ਰਮਾਤਮਾ ਦੀ ਦਰਗਾਹ ਵਿੱਚ 'ਫੁੱਲ ਜਾਂ ਤਾਰਾ' ਬਣ ਕੇ ਅਮਰ ਹੋ ਗਿਆ ਹੈ।

# ਇਤਿਹਾਸਕ ਜਿੱਤ ਅਤੇ ਨਵੀਆਂ ਜ਼ਿੰਮੇਵਾਰੀਆਂ

ਸਵਰਾਜਵੀਰ
ਰੂਪਨਗਰ

ਗੁਰੂ ਨਾਨਕ ਦੇਵ ਜੀ ਦਾ 552ਵਾਂ ਪ੍ਰਕਾਸ਼ ਪੁਰਬ,19 ਨਵੰਬਰ,2021 ਦੇਸ਼ ਦੇ ਕਿਸਾਨਾਂ ਲਈ ਵਿਜੈ ਦਿਵਸ ਬਣ ਗਿਆ। ਇਸ ਜਿੱਤ ਦੇ ਮਾਅਨੇ ਏਨੇ ਵਿਆਪਕ ਤੇ ਵਸੀਹ ਹਨ ਕਿ ਸਾਨੂੰ ਉਨ੍ਹਾਂ ਨੂੰ ਸਮਝਣ ਅਤੇ ਆਪਣੀਆਂ ਜ਼ਿੰਦਗੀਆਂ ਵਿੱਚ ਸਮੋਣ ਲਈ ਨਾ ਸਿਰਫ ਸਮਾਂ ਲੱਗੇਗਾ ਸਗੋਂ ਇਸ ਜਿੱਤ ਤੋਂ ਮਿਲੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਬੌਧਿਕ ਅਤੇ ਜ਼ਮੀਨੀ ਪੱਧਰ 'ਤੇ ਅਜਿਹੇ ਯਤਨ ਕਰਨੇ ਪੈਣਗੇ ਜਿਨ੍ਹਾਂ ਰਾਹੀਂ ਅਸੀ ਕਿਸਾਨ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾ ਸਕੀਏ। ਇੱਕੀਵੀਂ ਸਦੀ ਦੇ ਇਸ ਸਭ ਤੋਂ ਲੰਮੇ ਸੰਘਰਸ਼ ਵਿਚ ਹੋਈ ਇਹ ਅਜੀਮ ਅਤੇ ਇਤਿਹਾਸਕ ਜਿੱਤ ਕਿਸਾਨਾਂ ਦੇ ਮਹਾਨ ਏਕੇ ਕਾਰਨ ਸੰਭਵ ਹੋਈ। ਸਭ ਵਰਗਾਂ ਦੇ ਲੋਕਾਂ, ਔਰਤਾਂ, ਮਜ਼ਦੂਰਾਂ, ਚਿੰਤਕਾਂ, ਵਿਦਵਾਨਾਂ, ਗਾਇਕਾਂ, ਰੰਗਕਰਮੀਆਂ, ਕਲਾਕਾਰਾਂ, ਤੇ ਸਮਾਜਿਕ ਕਾਰਕੁਨਾਂ ਨੇ ਕਿਸਾਨਾਂ ਦਾ ਸਾਥ ਦਿੱਤਾ ਪਰ ਅੰਦੋਲਨ ਦੀ ਬੁਨਿਆਦ ਕਿਸਾਨਾਂ ਦਾ ਬੇਮਿਸਾਲ ਸਿਦਕ, ਸਿਰੜ, ਹਿੰਮਤ, ਧੀਰਜ , ਏਕਾ ਤੇ ਜੇਰਾ ਸਨ ਜਿਸ 'ਤੇ ਪਲ-ਦਰ-ਪਲ ਇਸ ਜਿੱਤ ਦੀ ਇਮਾਰਤ ਉੱਸਰਦੀ ਗਈ।

ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦੀ ਇਹ ਜਿੱਤ ਸਾਂਝੀਵਾਲਤਾ, ਜਮਹੂਰੀਅਤ ਅਤੇ ਲੋਕ-ਪੱਖੀ ਤਾਕਤਾਂ ਦੀ ਜਿੱਤ ਹੈ, ਉੱਥੇ ਇਸ ਦਾ ਆਧਾਰ ਪੰਜਾਬ ਦੀ ਵਲੂੰਧਰੀ ਆਤਮਾ ਵਿੱਚ ਆਇਆ ਉਹ ਤੂਫ਼ਾਨ ਹੈ ਜਿਹੜਾ 5 ਜੂਨ, 2020 ਜਦੋਂ ਖੇਤੀ ਆਰਡੀਨੈਂਸ ਜਾਰੀ ਕੀਤੇ ਗਏ, ਤੋਂ ਬਾਅਦ ਉਦੈ ਹੋਇਆ। ਕੋਵਿਡ-19 ਮਹਾਂਮਾਰੀ ਦੀ ਮਾਰ ਅਤੇ 24 ਮਾਰਚ, 2020 ਨੂੰ ਅਚਾਨਕ ਕੀਤੀ ਤਾਲਾਬੰਦੀ ਨੇ ਮਨੁੱਖੀ ਸਮਝ ਨੂੰ ਭੁਚਲਾ ਕੇ ਰੱਖ ਦਿੱਤਾ ਸੀ। ਇਨ੍ਹਾਂ ਸਮਿਆਂ ਵਿੱਚ ਇਸ ਦੇਸ਼ ਦੇ ਲੋਕਾਂ ਵਿਰੁੱਧ ਸਾਜ਼ਿਸ਼ਾਂ ਰਚੀਆਂ ਗਈਆਂ; ਖੇਤੀ ਆਰਡੀਨੈਂਸ ਜਾਰੀ ਕੀਤੇ ਗਏ, ਸਨਅਤੀ ਕਾਮਿਆਂ ਦੇ ਹੱਕਾਂ ਨੂੰ ਸੀਮਿਤ ਕਰਨ ਲਈ ਕਿਰਤ ਕੋਡ ਬਣਾਏ ਗਏ, ਜਨਤਕ ਅਸਾਸਿਆਂ ਦਾ ਨਿਜੀਕਰਨ ਕੀਤਾ ਗਿਆ।

ਕੇਂਦਰ ਸਰਕਾਰ ਦੁਆਰਾ ਖੇਤੀ ਸਬੰਧੀ ਤਿੰਨ ਆਰਡੀਨੈਂਸ ਜਾਰੀ ਕਰਨ ਦੇ ਨਾਲ ਹੀ ਪੰਜਾਬ ਦੇ ਕਿਸਾਨਾਂ ਵਿੱਚ ਚੇਤਨਾ ਜਾਗਣੀ ਸ਼ੁਰੂ ਹੋਈ ਕਿ ਇਹ ਆਰਡੀਨੈਂਸ ਕਿਸਾਨ-ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ। ਪੰਜਾਬ ਦੇ ਕਿਸਾਨ ਕੋਲ ਉਚੇਰੀ ਪੱਧਰ ਦੀ ਖੇਤੀ ਕਰਨ, ਖੇਤੀ ਦੇ ਮਸ਼ੀਨੀਕਰਨ, ਜਿਣਸ ਨੂੰ ਮੰਡੀਆਂ ਵਿੱਚ ਉਚਿਤ ਭਾਅ 'ਤੇ ਵੇਚਣ ਅਤੇ ਬੈਂਕਾਂ ਤੇ ਸਹਿਕਾਰੀ ਸਮਿਤੀਆਂ ਦੇ ਕਰਜ਼ਿਆਂ ਨਾਲ ਨਿਪਟਣ ਦਾ ਵੱਡਾ ਤਜ਼ਰਬਾ ਹੈ ਜਿਹੜਾ ਬਾਕੀ ਸੂਬਿਆਂ ਦੇ ਕਿਸਾਨਾਂ ਕੋਲ ਘੱਟ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਕਿਸਾਨਾਂ ਵਿੱਚ ਇਨ੍ਹਾਂ ਕਾਨੂੰਨਾਂ ਬਾਰੇ ਸਮਝ ਇੰਨੀ ਜਲਦੀ ਪਣਪੀ। ਇਸ ਸੋਚ ਸਮਝ ਨੂੰ ਤਿੱਖੀ ਕਰਨ ਵਿੱਚ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਆਗੂਆਂ ਨੇ ਫ਼ੈਸਲਾਕੁੰਨ ਭੂਮਿਕਾ ਨਿਭਾਈ।

ਕਿਸਾਨ ਆਗੂਆਂ ਕੋਲ ਕਈ ਦਹਾਕਿਆਂ ਤੋਂ ਕਿਸਾਨਾਂ ਨੂੰ ਜਥੇਬੰਦ ਕਰਨ ਅਤੇ ਸਥਾਨਕ ਘੋਲ ਲੜਨ ਦਾ ਲੰਮਾ ਤਜ਼ਰਬਾ ਸੀ। ਇਹ ਆਗੂ ਵੱਖ-ਵੱਖ ਵਿਚਾਰਧਾਰਾਵਾਂ ਨਾਲ ਪ੍ਰਣਾਏ ਹੋਏ ਹਨ ਅਤੇ ਤਿੱਖੇ ਵਿਚਾਰਧਾਰਕ ਸੰਘਰਸ਼ਾਂ 'ਚੋਂ ਗੁਜ਼ਰ ਚੁੱਕੇ ਸਨ। ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰੀ ਅਤੇ ਅਤਿਵਾਦੀ ਤਸ਼ੱਦਦ ਦਾ ਸਾਹਮਣਾ ਕੀਤਾ ਅਤੇ ਅਜਿਹੀਆਂ ਤਾਕਤਾਂ ਦੇ ਲਾਏ ਗਏ ਪੱਛਾਂ ਦੀ ਪੀੜ ਉਨ੍ਹਾਂ ਦੀਆਂ ਯਾਦਾਂ ਵਿਚ ਵਸੀ ਹੋਈ ਸੀ। ਇਨ੍ਹਾਂ ਜਥੇਬੰਦੀਆਂ ਅਤੇ ਉਨ੍ਹਾਂ ਦੇ ਆਗੂਆਂ ਨੇ ਕਿਸਾਨਾਂ ਨੂੰ ਘੋਰ ਨਿਰਾਸ਼ਾ ਵਿੱਚ ਡੁੱਬਦੇ ਤੇ ਖ਼ੁਦਕੁਸ਼ੀਆਂ ਕਰਦੇ ਵੇਖਿਆ ਸੀ ਅਤੇ ਸਿਆਸੀ ਜਮਾਤ ਤੇ ਪ੍ਰਸ਼ਾਸਨ ਤੋਂ ਮਿਲਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕੀਤਾ ਸੀ। ਉਨ੍ਹਾਂ ਨੇ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਅਤੇ ਸੰਤਾਨ ਨੂੰ ਮਜਬੂਰੀਵੱਸ ਵਿਦੇਸ਼ਾਂ ਵੱਲ ਜਾਂਦੇ ਵੇਖਿਆ ਸੀ।

ਕਿਸਾਨ ਅੰਦੋਲਨ ਨੇ ਪੰਜਾਬ ਨੂੰ ਮੁੜ ਊਰਜਿਤ ਕਰਦਿਆਂ ਪੰਜਾਬੀਅਤ ਦੀ ਨਵੀਂ ਬਾਤ ਪਾਈ। 1980ਵਿਆਂ ਵਿਚ ਅਤਿਵਾਦ ਅਤੇ ਸਰਕਾਰੀ ਤਸ਼ੱਦਦ ਦਾ ਵਲੂੰਧਰਿਆ ਪੰਜਾਬ 1990ਵਿਆਂ ਵਿੱਚ ਨਸ਼ਿਆਂ ਦੀ ਝੋਲੀ ਜਾ ਡਿਗਿਆ ਸੀ ਅਤੇ ਪਰਵਾਸ, ਨਸ਼ੇ, ਬੇਰੁਜ਼ਗਾਰੀ ਅਤੇ ਉਦਾਸੀਨਤਾ ਪੰਜਾਬ ਨੂੰ ਬਿਆਨ ਕਰਨ ਵਾਲੇ ਚਿਨ੍ਹ ਬਣ ਗਏ ਸਨ। ਕਿਸਾਨ ਅੰਦੋਲਨ ਨੇ ਪੰਜਾਬ ਨੂੰ ਉਪਰਾਮਤਾ ਤੇ ਉਦਾਸੀ ਦੇ ਆਲਮ ਵਿੱਚੋਂ ਬਾਹਰ ਕੱਢਿਆ ਅਤੇ ਸੰਘਰਸ਼ ਦਾ ਉਹ ਸੰਖ ਪੂਰਿਆ ਜਿਸ ਦੀ ਆਵਾਜ਼ ਚੌਹਾਂ ਕੂਟਾਂ ਵਿੱਚ ਸੁਣਾਈ ਦਿੱਤੀ। ਇਸ ਅੰਦੋਲਨ ਨੇ ਪੰਜਾਬੀ ਬੰਦੇ ਦੇ ਵੇਗ ਦੇ ਭਿੰਨ ਭਿੰਨ ਪਸਾਰਾਂ ਨੂੰ ਵੀ ਬੜੀ ਸਜਗਤਾ ਨਾਲ ਬਣਾਇਆ, ਸ਼ਿੰਗਾਰਿਆ, ਸਿਰਜਿਆ ਅਤੇ ਅਪਣਾਇਆ। ਅੰਦੋਲਨ ਦਾ ਇੱਕ ਵਿਸ਼ੇਸ਼ ਪੱਖ ਸਿਆਸੀ ਪਾਰਟੀਆਂ ਨੂੰ ਕਿਸਾਨ ਅੰਦੋਲਨ ਅਤੇ ਸਟੇਜਾਂ 'ਤੇ ਕੋਈ ਸਥਾਨ ਨਾ ਦੇਣਾ ਵੀ ਸੀ। ਇਹ ਵੱਖਰੀ ਤਰ੍ਹਾਂ ਦੀ ਨਰੋਈ ਅਤੇ ਸਿਹਤਵੰਦ ਸਿਆਸਤ ਸੀ ਜਿਸ ਦਾ ਰਵਾਇਤੀ ਸਿਆਸੀ ਪਾਰਟੀਆਂ ਦੀ ਗੰਧਲੀ ਤੇ ਉਦਾਸੀਨਤਾ ਪੈਦਾ ਕਰਨ ਵਾਲੀ ਸਿਆਸਤ ਨਾਲ ਕੋਈ ਵਾਹ-ਵਾਸਤਾ ਨਹੀਂ ਸੀ।

ਕਿਸਾਨ ਘੋਲ ਇੱਕ ਸਿਖਰ ਤੋਂ ਦੂਸਰੀ ਸਿਖਰ ਵੱਲ ਵਧਿਆ ਪਰ 26-27 ਨਵੰਬਰ,2020 ਦੇ 'ਦਿੱਲੀ ਚਲੋ' ਦੇ ਸੱਦੇ ਨੇ ਇਸ ਨੂੰ ਅਜਿਹੇ ਮੋੜ 'ਤੇ ਲੈ ਆਂਦਾ ਜਿਸ 'ਤੇ ਉਸ ਦਾ ਸਾਹਮਣਾ ਸਿੱਧਾ ਕੇਂਦਰ ਸਰਕਾਰ ਦੀ ਅਸੀਮ ਸ਼ਕਤੀ ਨਾਲ

ਹੋਇਆ; ਅਜਿਹੀ ਤਾਕਤ ਜਿਸ ਕੋਲ ਅਨੰਤ ਸੁਰੱਖਿਆ ਬਲ, ਪ੍ਰਚਾਰ ਕਰਨ ਦੀ ਅਥਾਹ ਤਾਕਤ, ਖੇਤੀ ਕਾਨੂੰਨਾਂ ਦੇ ਹੱਕ ਵਿੱਚ ਬੋਲਣ ਵਾਲੇ ਅਰਥਸ਼ਾਸਤਰੀਆਂ ਦੀ ਫ਼ੌਜ, ਕਿਸਾਨਾਂ ਨੂੰ ਭੰਡਣ( ਜਿਵੇਂ ਉਨ੍ਹਾਂ ਨੂੰ ਅਤਿਵਾਦੀ, ਨਕਸਲੀ, ਖ਼ਾਲਿਸਤਾਨੀ ਆਦਿ ਕਹਿ ਕੇ ਭੰਡਿਆ ਗਿਆ) ਲਈ ਸੋਸ਼ਲ ਮੀਡੀਆ ਅਤੇ ਸੱਤਾ ਦੇ ਹੋਰ ਸਾਧਨ ਮੌਜੂਦ ਹਨ। ਇਹ ਕਿਸਾਨ ਜਥੇਬੰਦੀਆਂ, ਉਨ੍ਹਾਂ ਦੇ ਆਗੂਆਂ ਅਤੇ ਕਿਸਾਨਾਂ ਦਾ ਸਿਦਕ, ਸਿਰੜ, ਜ਼ਬਤ, ਸਮਝ, ਜੀਰਾਂਦ ਅਤੇ ਅਜਿਹੇ ਹੋਰ ਲੋਕ-ਪੱਖੀ ਜਜ਼ਬੇ ਹੀ ਸਨ ਜਿਨ੍ਹਾਂ ਨੇ ਇਸ ਅੰਦੋਲਨ ਨੂੰ ਸਜੀਵ, ਜਮਹੂਰੀ ਅਤੇ ਸ਼ਾਂਤਮਈ ਬਣਾਈ ਰੱਖਿਆ ਅਤੇ ਅਜਿਹੇ ਜਜ਼ਬਿਆਂ ਸਦਕਾ ਹੀ ਕਿਸਾਨ ਆਗੂ ਕੇਂਦਰ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੀ ਅਥਾਹ ਸ਼ਕਤੀ ਦਾ ਸਾਹਮਣਾ ਕਰ ਸਕੇ।

ਇਸ ਸਵਾ ਸਾਲ ਨੇ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਦੇਸ਼ ਦੇ ਹੋਰ ਸੂਬਿਆਂ ਨੂੰ ਇੱਕ ਨਵੀਂ ਵਿਸ਼ਵ-ਦ੍ਰਿਸ਼ਟੀ ਦਿੱਤੀ। ਇਸ ਸਮੇਂ ਦੌਰਾਨ ਦੁਨੀਆਂ ਤੇ ਦੇਸ਼ ਦੇ ਵਿਕਾਸ ਲਈ ਰਾਮਬਾਣ ਦੱਸੇ ਜਾ ਰਹੇ ਵਿਕਾਸ ਦੇ ਕਾਰਪੋਰੇਟ ਆਧਾਰਿਤ ਮਾਡਲ 'ਤੇ ਵੱਡੇ ਸਵਾਲ ਉੱਠੇ, ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਕਾਰਪੋਰੇਟੀ ਮੋਹ ਦਾ ਪਰਦਾਫਾਸ਼ ਹੋਇਆ; ਕਾਰਪੋਰੇਟ-ਪੱਖੀ ਚਿੰਤਕਾਂ ਦੁਆਰਾ ਬੁਣੇ ਗਏ ਬਿਰਤਾਂਤ ਨੂੰ ਤਰਕਮਈ ਢੰਗ ਨਾਲ ਚੁਣੌਤੀ ਦਿੱਤੀ ਗਈ; ਕਿਸਾਨ ਅੰਦੋਲਨ ਨੇ ਟੈਲੀਵਿਜ਼ਨ ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਮੁੱਦਿਆਂ ਤੋਂ ਦੂਰ ਰੱਖਣ ਦੀ ਸਿਆਸਤ ਨੂੰ ਲਲਕਾਰਿਆ।

ਮਨੁੱਖੀ ਜੀਵਨ ਦੇ ਹਰ ਪਲ ਵਿੱਚ ਜ਼ਿੰਦਗੀ ਦੇ ਗੁਣ-ਅਵਗੁਣ ਹਾਜ਼ਰ ਹੁੰਦੇ ਹਨ ਪਰ ਜਦੋਂ ਲੋਕ ਸਾਂਝੇ ਸੰਘਰਸ਼ ਕਰਦੇ ਹਨ ਤਾਂ ਮਨੁੱਖ ਦੇ ਸੱਚੇ, ਸੁਹਜਮਈ ਤੇ ਸੰਘਰਸ਼ਸ਼ੀਲ ਨਕਸ਼ ਉਜਾਗਰ ਹੁੰਦੇ ਹਨ। ਕਿਸਾਨਾ ਦੀ ਜਿੱਤ ਨਾਲ ਕੁਹਜ ਦੀ ਹਾਰ ਹੋਈ; ਮਨੁੱਖੀ ਸੁਹਜ ਦਾ ਜਲੌਅ ਆਪਣੀ ਪੂਰੀ ਤਾਕਤ ਨਾਲ ਚਮਕਿਆ। ਲੋਕ-ਵਿਰੋਧੀ ਤਾਕਤਾਂ ਦੀ ਬਨਾਉਟੀ ਚਮਕ ਮੱਧਮ ਪੈ ਗਈ।

ਇਹ ਨਹੀਂ ਕਿ ਇਸ ਸਮੇਂ ਕਿਸਾਨ-ਵਿਰੋਧੀ ਤਾਕਤਾਂ ਚੁੱਪ ਕਰ ਕੇ ਬੈਠੀਆਂ ਰਹੀਆਂ। ਉਨ੍ਹਾਂ ਨੇ ਕਿਸਾਨ ਸੰਘਰਸ਼ ਨੂੰ ਜੜ੍ਹਾਂ ਤੋਂ ਉਖਾੜਨ ਤੇ ਬਦਨਾਮ ਕਰਨ ਲਈ ਹਰ ਹੀਲਾ ਵਰਤਿਆ। 26 ਜਨਵਰੀ,2021 ਨੂੰ ਲਾਲ ਕਿਲੇ ਦੇ ਬਾਹਰ ਹੋਈਆਂ ਘਟਨਾਵਾਂ ਉਨ੍ਹਾਂ ਦੁਆਰਾ ਕੀਤਾ ਗਿਆ ਅਜਿਹਾ ਹੀ ਯਤਨ ਸੀ ਜਿਸ ਨੇ ਕਿਸਾਨ ਅੰਦੋਲਨ ਦੀ ਆਤਮਾ ਨੂੰ ਜ਼ਖ਼ਮੀ ਕੀਤਾ ਪਰ ਉਸ ਜ਼ਖ਼ਮ ਕਾਰਨ ਕਿਸਾਨਾਂ ਦੇ ਇਰਾਦੇ ਹੋਰ ਮਜ਼ਬੂਤ ਹੋਏ ਅਤੇ ਉਨ੍ਹਾਂ ਦੇ ਆਗੂਆਂ ਨੂੰ ਤਜਰਬਾ ਹੋਇਆ ਕਿ ਕਿਸਾਨ-ਵਿਰੋਧੀ ਅਨਸਰਾਂ ਨਾਲ ਕਿਵੇਂ ਸਿੱਝਣਾ ਹੈ। ਇਸੇ ਸਮੇਂ ਵਿੱਚ ਕਿਸਾਨ ਸੰਸਦ ਹੋਈ ਜਿਸ ਵਿੱਚ ਦੇਸ਼ ਦੇ ਨਾਮਵਰ ਚਿੰਤਕਾਂ, ਸਮਾਜਿਕ ਕਾਰਕੁਨਾਂ, ਅਤੇ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸੇ ਦੌਰਾਨ ਲਖੀਮਪੁਰ ਖੀਰੀ ਦਾ ਦੁਖਾਂਤ ਹੋਇਆ; ਅੰਦੋਲਨ ਦੌਰਾਨ 700 ਤੋਂ ਜ਼ਿਆਦਾ ਕਿਸਾਨਾ ਦੀਆਂ ਜਾਨਾਂ ਗਈਆਂ; ਇਨ੍ਹਾਂ ਕੁਰਬਾਨੀਆਂ ਨੂੰ ਲੋਕ-ਮਨਾਂ ਨੇ ਸ਼ਹੀਦੀਆਂ ਮੰਨਿਆਂ ਅਤੇ ਕਿਸਾਨ ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਹੋਏ ਹੋਰ ਵੱਡੇ ਜੇਰਿਆਂ ਨਾਲ ਅੰਦੋਲਨ ਦੇ ਸਫ਼ਰ 'ਤੇ ਅੱਗੇ ਵਧੇ।



ਇਸ ਅੰਦੋਲਨ ਦਾ ਖ਼ਾਸਾ ਇਨਕਲਾਬੀ ਸੀ। ਸਿਆਸੀ ਚਿੰਤਨ ਦੇ ਖੇਤਰ ਵਿੱਚ ਕਈ ਦਹਾਕਿਆਂ ਤੋਂ ਇਹ ਬਹਿਸ ਚਲਦੀ ਆ ਰਹੀ ਹੈ ਕਿ ਕਿਸਾਨਾਂ ਵਿੱਚ ਸਿਆਸੀ ਚੇਤਨਾ, ਖ਼ਾਸ ਕਰ ਕੇ ਇਨਕਲਾਬੀ ਸਿਆਸੀ ਚੇਤਨਾ ਦਾ ਵਿਕਾਸ ਹੋ ਸਕਦਾ ਹੈ ਕਿ ਨਹੀ। ਰਵਾਇਤੀ ਤੌਰ 'ਤੇ ਦਲੀਲ ਦਿਤੀ ਜਾਂਦੀ ਰਹੀ ਸੀ ਕਿ ਕਿਸਾ ਵੱਧ ਜਾਂ ਘੱਟ ਜ਼ਮੀਨ ਦੇ ਮਾਲਕ ਹੋਣ ਕਾਰਨ ਜਾਇਦਾਦ ਦੇ ਇਸ ਸੰਕਲਪ ਨਾਲ ਏਨੇ ਬੱਝੇ ਹੁੰਦੇ ਹਨ ਕਿ ਉਨ੍ਹਾਂ ਦੀ ਚੇਤਨਾ ਜਾਇਦਾਦ ਦੇ ਇਸ ਅਧਿਕਾਰ ਨੂੰ ਸੁਰੱਖਿਅਤ ਕਰਨ ਤੱਕ ਸੀਮਿਤ ਹੁੰਦੀ ਹੈ। ਪਰ ਇਤਿਹਾਸ ਦੇ ਵੱਖ ਵੱਖ ਮੋੜਾਂ 'ਤੇ ਕਿਸਾਨ ਬਗਾਵਤਾਂ ਅਤੇ ਅੰਦੋਲਨਾਂ ਨੇ ਇਹ ਸਿੱਧ ਕੀਤਾ ਹੈ ਕਿ ਕਿਸਾਨ ਇੱਕ ਜਮਾਤ ਵਜੋਂ ਵੀ ਸਿਆਸੀ ਤੌਰ 'ਤੇ ਚੇਤਨ ਹੁੰਦੇ ਹਨ ਅਤੇ ਉਨ੍ਹਾਂ ਦੀ ਚੇਤਨਾ ਵਿੱਚ ਸਾਰੇ ਸਮਾਜ, ਅਰਥਚਾਰੇ ਤੇ ਸਿਆਸਤ ਨੂੰ ਬਦਲਣ ਦਾ ਤਸੱਵਰ ਵੀ ਉਗਮਦਾ ਅਤੇ ਵਿਕਸਿਤ ਹੁੰਦਾ ਹੋਇਆ ਪ੍ਰੋੜ੍ਹ ਸ਼ਕਲ ਅਖ਼ਤਿਆਰ ਕਰਦਾ ਹੈ। ਇਸ ਕਿਸਾਨ ਅੰਦੋਲਨ ਵਿੱਚ ਇਹ ਸਾਰੇ ਗੁਣ ਮੌਜੂਦ ਸਨ/ਹਨ ਜਿਹੜੇ ਕਿਸੇ ਸਮਾਜ ਦੀ ਪੁਨਰ-ਸਿਰਜਣਾ ਦੀ ਜ਼ਮੀਨ ਤਿਆਰ ਕਰਨ ਲਈ ਚਾਹੀਦੇ ਹਨ।

ਇਸ ਲਈ ਸਾਡੇ ਸਾਹਮਣੇ ਵੱਡੇ ਸਵਾਲ ਹਨ ਕਿ ਕਿਸਾਨ ਅੰਦੋਲਨ ਤੋਂ ਪ੍ਰਾਪਤ ਹੋਈਆਂ ਨੈਤਿਕ ਕਦਰਾਂ, ਕੀਮਤਾਂ, ਇਸ ਦੀ ਸੰਗਰਾਮਮਈ ਨੁਹਾਰ, ਇਸ ਤੋਂ ਪੈਦਾ ਹੋਈ ਊਰਜਾ ਅਤੇ ਚੇਤਨਾ ਨੂੰ ਆਪਣੇ ਜੀਵਨ ਵਿੱਚ ਕਿਵੇਂ ਸਮੋਇਆ ਅਤੇ ਪ੍ਰਫੁੱਲਤ ਰੱਖਿਆ ਜਾਵੇ। ਇਸ ਅੰਦੋਲਨ ਨੇ ਸਾਨੂੰ ਸਿਖਾਇਆ ਹੈ ਕਿ ਮਨੁੱਖ ਹੋਣ ਦੇ ਅਰਥਾਂ ਦੀ ਸਹੀ ਤਰਜਮਾਨੀ ਉਸ ਦੇ ਸੰਗਠਿਤ ਅਤੇ ਸੰਘਰਸ਼ਸ਼ੀਲ ਹੋਣ ਵਿੱਚ ਪਈ ਹੁੰਦੀ ਹੈ; ਸਮਾਜਿਕ ਏਕਤਾ, ਭਾਈਚਾਰੇ ਅਤੇ ਸਾਂਝੀਵਾਲਤਾ ਵਿਚ ਹੁੰਦੀ ਹੈ; ਨੀਅਤ ਦੇ ਸਾਫ਼ ਹੋਣ ਅਤੇ ਇਰਾਦਿਆਂ ਦੀ ਦ੍ਰਿੜ੍ਹਤਾ ਵਿੱਚ ਹੁੰਦੀ ਹੈ। ਕਿਸਾਨ ਅੰਦੋਲਨ

ਨੇ ਪੰਜਾਬੀਆਂ ਲਈ ਸੰਘਰਸ਼ਮਈ ਚੇਤਨਾ ਦਾ ਸੰਸਾਰ ਸੰਜੋਣ ਦੀ ਉਮੀਦ ਦਾ ਦੀਪਕ ਜਗਾਇਆ ਹੈ। ਪੰਜਾਬੀਆਂ ਨੂੰ ਇਸ ਦੀਪਕ ਦੀ ਲੋਅ ਵਿੱਚ ਆਪਣਾ ਭਵਿੱਖ ਸਿਰਜਣਾ ਹੈ।

ਕਿਸਾਨ ਅੰਦੋਲਨ ਦੇ ਸਿਰਜੇ ਆਦਰਸ਼ਮਈ ਸੰਸਾਰ ਅਤੇ ਤਲਖ਼ ਹਕੀਕਤਾਂ ਵਿਚ ਟਕਰਾਅ ਹੋਣਾ ਲਾਜ਼ਮੀ ਹੈ। ਇਨ੍ਹਾਂ ਵਿੱਚੋਂ ਇਕ ਹਕੀਕਤ ਹੁਕਮਰਾਨਾਂ ਦੇ ਮਨਾਂ ਵਿੱਚ ਲੁਕੀਆਂ ਸਾਜ਼ਿਸ਼ਾਂ ਹਨ। ਉਨ੍ਹਾਂ ਨੇ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਪਰ ਨਾਲ ਹੀ ਕਿਹਾ ਹੈ ਕਿ ਸਰਕਾਰ ਖੇਤੀ ਦਾ ਨਵਾਂ ਮਾਡਲ ਬਣਾਉਣ ਦਾ ਯਤਨ ਕਰੇਗੀ। ਕਿਸਾਨ ਜਥੇਬੰਦੀਆਂ ਨੂੰ ਇਸ ਬਾਰੇ ਸਪਸ਼ਟ ਤੌਰ 'ਤੇ ਚੇਤਨ ਰਹਿਣ ਦੀ ਜ਼ਰੂਰਤ ਹੈ ਕਿਉਂਕਿ ਹੁਣ ਹੋਣ ਵਾਲੇ ਵਾਰ ਜ਼ਿਆਦਾ ਘਾਤਕ ਤੇ ਲੁਕਵੇਂ ਹੋ ਸਕਦੇ ਹਨ। ਇੱਕ ਹੋਰ ਤਲਖ਼ ਹਕੀਕਤ 2022 ਦੀਆਂ ਨਜ਼ਦੀਕ ਆ ਰਹੀਆਂ ਵਿਧਾਨ ਸਭਾਵਾਂ ਦੀਆਂ ਚੋਣਾ ਹਨ।

ਪੰਜਾਬ ਦੀ ਕਲੇਸ਼ਮਈ ਸਿਆਸਤ ਤੋਂ ਪੰਜਾਬੀ ਬਚ ਨਹੀਂ ਸਕਦੇ। ਇਨ੍ਹਾਂ ਚੋਣਾ ਨੇ ਆਉਣ ਵਾਲੇ ਪੰਜ ਸਾਲਾਂ ਲਈ ਉਨ੍ਹਾਂ ਨੁਮਾਇੰਦਿਆਂ ਨੂੰ ਚੁਣਨਾ ਹੈ ਜਿਨ੍ਹਾਂ ਨੇ ਇਨ੍ਹਾਂ ਮੁਸ਼ਕਲ ਸਮਿਆਂ ਵਿਚ ਸੂਬੇ ਦੇ ਹਰ ਖੇਤਰ ਨੂੰ ਸੇਧ ਦੇਣੀ ਹੈ। ਕਿਸਾਨ ਅੰਦੋਲਨ ਨੇ ਪੰਜਾਬੀਆਂ ਦੇ ਮਨਾਂ ਵਿੱਚ ਉਦਾਸੀਨਤਾ ਨੂੰ ਖ਼ਤਮ ਕਰ ਕੇ ਸਾਡੀਆਂ ਆਸਾਂ, ਉਮੰਗਾਂ ਅਤੇ ਉਮੀਦਾਂ ਨੂੰ ਨਵੀਂ ਤਰਤੀਬ ਦਿੱਤੀ ਹੈ। ਲੋਕਾਂ ਦੇ ਮਨਾਂ ਵਿਚ ਡੂੰਘੇ ਤੌਖਲੇ ਹਨ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਸਿਆਸਤ ਹੁਣੇ ਹੁਣੇ ਸਿਰਜੇ ਗਏ ਸਾਡੇ ਆਦਰਸ਼ਮਈ ਸੰਸਾਰ ਨੂੰ ਬੇਤਰਤੀਬ ਨਾ ਕਰ ਦੇਵੇ। ਕਿਸੇ ਕਿਸਾਨ ਜਥੇਬੰਦੀ ਜਾਂ ਆਗੂ ਦੁਆਰਾ ਕਿਸੇ ਵੀ ਰਵਾਇਤੀ ਪਾਰਟੀ ਨਾਲ ਸਾਂਝ ਪਾਉਣੀ ਬੇਹੱਦ ਸੰਵੇਦਨਸ਼ੀਲ ਮਸਲਾ ਬਣ ਸਕਦਾ ਹੈ। ਇਸ ਵੇਲੇ ਪੰਜਾਬੀਆਂ ਦੀਆਂ ਉਮੀਦਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ 'ਤੇ ਕੇਂਦਰਿਤ ਹਨ। ਇਹ ਹਕੀਕਤਾਂ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਲਈ ਵੀ ਓਨੀਆਂ ਹੀ ਹਕੀਕੀ ਹਨ। ਕਿਸਾਨ ਆਗੂਆਂ ਨੇ ਇਸ ਖ਼ਿੱਤੇ ਦੀ ਸਮਾਜਿਕ ਅਤੇ ਸਿਆਸੀ ਵਿਆਕਰਣ ਤਾਂ ਲਿਖ ਦਿੱਤੀ ਹੈ ਪਰ ਇਸ ਵਿਆਕਰਣ ਅਨੁਸਾਰ ਭਵਿੱਖ ਦੀ ਇਬਾਰਤ ਲਿਖਣਾ ਵੀ ਕਿਸਾਨ ਅੰਦੋਲਨ ਦੇ ਫ਼ਰਜ਼ਾਂ ਵਿੱਚ ਸ਼ਾਮਿਲ ਹੈ। ( ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)।

ਇਹ ਮਹਿਜ਼ ਕਿਸਾਨਾਂ ਦੀ ਜਿੱਤ ਨਹੀ ਹੈ। ਇਹ ਸ਼ਹਿਰੀ ਆਜ਼ਾਦੀਆਂ ਅਤੇ ਮਨੁੱਖੀ ਹਕੂਕ ਦੀ ਲੜਾਈ ਦੀ ਜਿੱਤ ਹੈ। ਇਹ ਭਾਰਤੀ ਲੋਕਰਾਜ ਦੀ ਜਿੱਤ ਹੈ- ਪੀ ਸਾਈਨਾਥ

ਅਸੀਂ ਤੱਤੀਆਂ ਲੋਹਾਂ ਦੇ ਜਾਏ।
ਹੁਣ ਤੇ ਤੂੰ ਪਰਖ ਲਿਆ।
ਕੱਖ ਟਿਕਦੇ ਕਦੇ ਨਾ ਵੇਖੇ,
ਅੱਗੇ ਦਰਿਆਂਵਾਂ ਦੇ।

❋ ❋ ❋ ❋ ❋

## ਪੁਲਾੜ ਵਿੱਚ ਫਿਲਮ ਨਿਰਮਾਣ

ਵਿਗਿਆਨ ਅਤੇ ਤਕਨਾਲੌਜੀ ਨੇ ਆਪਣੀਆਂ ਕਰਾਮਾਤੀ ਖੋਜਾਂ ਸਦਕਾ ਮਨੁੱਖੀ ਸ਼ਕਤੀ ਅਤੇ ਸਾਹਸ ਨੂੰ ਨਾਮੰਨਣਯੋਗ ਸਿਖਰ 'ਤੇ ਪਹੁੰਚਾ ਦਿੱਤਾ ਹੈ। ਇਹ ਪਹਿਲ਼ੀ ਵਾਰ ਸੁਣਨ-ਵੇਖਣ ਵਿੱਚ ਆਇਆ ਹੈ ਕਿ ਫਿਲਮ ਦੀ ਸ਼ੂਟਿੰਗ ਪੁਲਾੜ ਵਿੱਚ ਹੋਈ ਹੈ। ਇਹ ਕਾਰਜ ਰੂਸੀ ਅਦਾਕਾਰ ਯੂਲੀਆ ਪੇਰੇਸੀਲਦ ਅਤੇ ਨਿਰਦੇਸ਼ਕ ਕਲਿਮ ਸ਼ਿਪੇਨਕੋ ਨੇ ਸੋਯੂਜ ਪੁਲਾੜੀ ਵਾਹਨ ਰਾਹੀਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਜਾ ਕੇ ਕੀਤਾ ਹੈ। ਉਨ੍ਹਾਂ ਨੇ ਆਪਣੀ ਫਿਲਮ 'ਚੈਲੇਂਜ' ਦਾ ਇੱਕ ਹਿੱਸਾ ਉੱਥੇ 12 ਦਿਨ ਰਹਿ ਕੇ ਫਿਲਮਾਇਆ ਹੈ। ਇਹ ਫਿਲਮ ਪੁਲਾੜੀ ਯਾਤਰੀ ਦਾ ਇਲਾਜ ਕਰਨ ਲਈ ਉੱਥੇ ਗਏ ਇੱਕ ਡਾਕਟਰ ਨਾਲ ਸਬੰਧਿਤ ਹੈ। ਉਨ੍ਹਾਂ ਨਾਲ ਤਿੰਨ ਪੁਲਾੜ ਯਾਤਰਾਵਾਂ ਕਰ ਚੁੱਕੇ ਤਜਰਬੇਕਾਰ ਪੁਲਾੜ ਵਿਗਿਆਨੀ ਏਂਤਲ ਸ਼ਕਾਪਲੇਰੋਵ ਵੀ ਗਏ ਸਨ। ਪੁਲਾੜ ਸਟੇਸ਼ਨ ਦੇ ਚਾਲਕ ਮੈਂਬਰਾਂ ਨੇ ਇਸ ਫਿਲਮ ਦੀ ਸ਼ੂਟਿੰਗ ਵਿੱਚ ਸੁਚਾਰੂ ਯੋਗਦਾਨ ਪਾਇਆ ਹੈ। ਇਹ ਲੋਕ ਆਪਣਾ ਕੰਮ ਸਫਲਤਾਪੂਰਬਕ ਕਰ ਕੇ ਵਾਪਿਸ ਪਰਤ ਆਏ ਹਨ। ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਵਿੱਚ ਰੂਸ ਦੇ ਪੁਲਾੜ ਕਾਰਪੋਰੇਸ਼ਨ ਦੇ ਮੁਖੀ ਦਮਿਤਰੀ ਰੋਗੋਜਿਨ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਫਿਲਮ ਦੇ ਨਿਰਦੇਸ਼ਕ ਕਲਿਮ ਸਿਪੇਨਕੋ ਦਾ ਕਹਿਣਾ ਹੈ ਕਿ ਜੇ ਕੋਈ ਫਿਲਮ ਚੰਦ ਅਤੇ ਮੰਗਲ ਗ੍ਰਹਿ ਨਾਲ ਸਬੰਧਿਤ ਬਣੇਗੀ ਤਾਂ ਉਹ ਇਨ੍ਹਾਂ ਦੀ ਸ਼ੂਟਿੰਗ ਵੀ ਉੱਥੇ ਜਾ ਕੇ ਹੀ ਕਰਨਗੇ। ਇਹ ਪਲੇਠੀ ਸਫਲਤਾ ਮਨੁੱਖ ਦੀ ਨਵੀਂ ਪੁਲਾਂਘ ਹੈ। ਪੁਲਾੜ ਵਿਗਿਆਨੀਆਂ ਅਤੇ ਇੰਜਨੀਅਰਾਂ ਨੂੰ ਇਸ ਪਹਿਲ ਦੀ ਬਹੁਤ ਬਹੁਤ ਵਧਾਈ ਹੋਵੇ।

❋ ❋ ❋ ❋ ❋

## ਸਵਾਗਤ

ਰੂਪਨਗਰ ਸ਼ਹਿਰ ਦੇ ਜਗਜੀਤ ਸਿੰਘ ਨਗਰ ਦੇ ਵਾਸੀ ਸ. ਦਲਜੀਤ ਸਿੰਘ ਪੁੱਤਰ ਸਵ.ਸਰਦਾਰ ਪ੍ਰਦੁੱਮਣ ਸਿੰਘ ਨੂੰ ਸੈਣੀ ਭਵਨ ਦੀ ਸਮਾਜਸੇਵੀ ਸੰਸਥਾ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਦਾ ਟਰੱਸਟੀ ਨਾਮਜ਼ਦ ਕੀਤਾ ਗਿਆ ਹੈ। ਆਪ ਰਾਜ ਪੱਧਰੀ ਐਥਲੀਟ ਅਤੇ ਪ੍ਰਤਿਬੱਧ ਖ਼ੂਨਦਾਨੀ ਹਨ। ਆਪ ਇੱਕ ਪ੍ਰਸਿੱਧ ਸਮਾਜਸੇਵੀ ਪਰਿਵਾਰ ਨਾਲ ਸੰਬੰਧ ਰਖਦੇ ਹਨ। ਆਪ ਪੰਜਾਬ ਰਾਜ ਬਿਜਲੀ ਬੋਰਡ ਤੋਂ ਸੇਵਾਮੁਕਤ ਹੋਏ ਹਨ। ਆਪ ਕਾਫੀ ਸਮੇਂ ਤੋਂ ਸੈਣੀ ਭਵਨ ਨਾਲ ਜੁੜੇ ਹੋਏ ਹਨ ਅਤੇ ਇਸ ਦੀਆਂ ਸਰਗਰਮੀਆਂ ਵਿੱਚ ਪੂਰੀ ਤਨਦੇਹੀ ਨਾਲ ਸ਼ਾਮਲ ਹੁੰਦੇ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਉਮੀਦ ਹੈ ਕਿ ਉਹ ਸੈਣੀ ਭਵਨ ਦੇ ਕਾਰਜਾਂ ਨੂੰ ਹੋਰ ਅੱਗੇ ਵਧਾਉਣ ਵਿੱਚ ਸਹਾਈ ਹੋਣਗੇ।



## ਗਜ਼ਲ

ਡਾ. ਚਰਨ ਸਿੰਘ ਗਿਲ
ਸਰਹਿੰਦ

ਸੱਚ ਕਦ ਡਰਦਾ ਹੈ ਕੰਧਾਂ ਤੋਂ,
ਸੱਚ ਕਦ ਡਰਦਾ ਲਲਕਾਰਾਂ ਤੋਂ।
ਸੱਚ ਕਦ ਡਰਦਾ ਹੈ ਜਾਬਰ ਤੋਂ,
ਸੱਚ ਕਦ ਡਰਦਾ ਤਲਵਾਰਾਂ ਤੋਂ।
ਸੱਚ ਹਨ੍ਹੇਰ ਹੰਢਾਉਂਦੀ ਦੁਨੀਆਂ ਦੇ,
ਮੱਥੇ ਦਾ ਚਾਨਣ ਬਣਦਾ ਹੈ,
ਸੱਚ ਸੂਰਜ ਵਾਂਗੂ ਦਗ਼ਦਾ ਹੈ,
ਸੱਚ ਕਦ ਡਰਦਾ ਅੰਧਕਾਰਾਂ ਤੋਂ।
ਸੱਚ ਦਗ਼ਦਾ ਬਹਿ ਕੇ ਤਵੀਆਂ 'ਤੇ,
ਸੱਚ ਹੱਸ ਕੇ ਸੀਸ ਲੁਹਾ ਲੈਂਦੈ,
ਸੱਚ ਕਦ ਡਰਦਾ ਹੈ ਹਾਕਮਾਂ ਤੋਂ,
ਸੱਚ ਕਦ ਡਰਦਾ ਅੰਧਕਾਰਾਂ ਤੋਂ।
ਸੱਚ ਸੀਸ ਤਲੀ 'ਤੇ ਧਰ ਲੈਂਦਾ,
ਸੱਚ ਨੰਗੇ ਧੜ ਹੀ ਲੜਦਾ ਹੈ।
ਸੱਚ ਚਰਖੜੀਆਂ 'ਤੇ ਚੜ੍ਹਦਾ ਹੈ,
ਸੱਚ ਡਰਦਾ ਨਹੀਂ ਵੰਗਾਰਾਂ ਤੋਂ।
ਸੱਚ ਛੱਡ ਕੇ ਲੇਫ਼ ਤਲਾਈਆਂ ਨੂੰ,
ਸੱਥਰਾਂ ਦੀ ਪੀੜ ਹੰਢਾਉਂਦਾ ਹੈ,
ਸੱਚ ਕੰਡਿਆਂ ਉੱਤੇ ਸੌਂਦਾ ਹੈ,
ਇਹ ਡਰਦਾ ਨਾ ਅੰਗਿਆਰਾਂ ਤੋਂ।
ਸੱਚ ਰਣ ਵਿੱਚ ਜ਼ਖ਼ਮੀ ਵੈਰੀ ਨੂੰ,
ਆਪਣਾ ਕਹਿ ਪਾਣੀ ਪਿਆਉਂਦਾ ਹੈ,
ਸੱਚ ਸੁੱਖ ਮੰਗਦਾ ਕੁੱਲ ਦੁਨੀਆਂ ਦੀ,
ਸੱਚ ਹਟਦਾ ਨਾ ਉਪਕਾਰਾਂ ਤੋਂ।

❈ ❈ ❈ ❈ ❈



ਮੈਂ ਚਲਦਾ ਗਿਆ,
ਰਸਤੇ ਮਿਲਦੇ ਗਏ।
ਰਾਹ 'ਚ ਕੰਢੇ,
ਫੁੱਲ ਬਣ ਕੇ ਖਿਲਦੇ ਗਏ।
ਇਹ ਜਾਦੂ ਨਹੀਂ,
ਕਿਰਪਾ ਹੈ।
ਮੇਰੇ ਬਾਬੇ ਨਾਨਕ ਦੀ,
ਨਹੀਂ ਤਾਂ ਉਸੇ ਰਾਹ ਪਰ,
ਲੱਖਾਂ ਫ਼ਿਸਲਦੇ ਗਏ।



## ਗਜ਼ਲ

ਜਤਿੰਦਰ ਲਸਾੜਾ
ਵੈਨਕੂਵਰ (ਕੈਨੇਡਾ)

ਸੂਰਜ ਢੂੰਡਣ ਆਸਾਂ ਤੁਰੀਆਂ, ਅੱਧ ਵਿਚਾਲੇ ਰਾਤ ਹੋਈ।
ਬਿਖੜੇ ਪੈਂਡੇ, ਤਿੜਕੇ ਸੁਫਨੇ, ਹੰਝੂਆਂ ਦੀ ਬਰਸਾਤ ਹੋਈ।

ਤੇਰੇ ਨਾਲ ਬਿਤਾਈਆਂ ਘੜੀਆਂ, ਅੱਜ ਤੱਕ ਉੱਥੇ ਹੀ ਖੜ੍ਹੀਆਂ।
ਤੇਰੇ ਮਗਰੋਂ ਇੰਝ ਲਗਦੈ, ਜਿਉਂ ਦਿਨ ਚੜ੍ਹਿਆ ਨਾ ਰਾਤ ਹੋਈ।

ਏਸ ਫ਼ਸਲ 'ਤੇ ਗਹਿਣੇ ਲੈਣੇ, ਜ਼ਿਦ ਸੀ ਮੇਰੀ ਬੇਗਮ ਦੀ।
ਹੋਰ ਪੈ ਗਿਆ ਕਿੱਲਾ ਗਹਿਣੇ, ਅਣਚਾਹੀ ਬਰਸਾਤ ਹੋਈ।

ਛੱਡ 'ਲਸਾੜੇ' ਦਿਲ ਦੀ ਗਠੜੀ, ਖੋਲ੍ਹ ਨਾ ਵਿੱਚ ਹਮਦਰਦਾਂ ਦੇ।
ਆਖੇਂਗਾ ਫੜ ਜ਼ਖ਼ਮੀ ਸੱਧਰਾਂ, ਆਪਣਿਆਂ ਤੋਂ ਮਾਤ ਹੋਈ।

ਉਂਝ ਤੇ ਸੂਰਜ ਨਿੱਤ ਹੀ ਚੜ੍ਹਦੈ, ਰੌਸ਼ਨ ਕਰਦੈ ਹਰ ਕੋਨਾ।
ਮੇਰੇ ਹਿੱਸੇ ਦੀ ਖ਼ਬਰੇ ਕਿਉਂ, ਅੱਜ ਤੱਕ ਨਾ ਪ੍ਰਭਾਤ ਹੋਈ।

❈ ❈ ❈ ❈ ❈



## ਕਵਿਤਾ

ਭੁਪਿੰਦਰ ਸਿੰਘ
ਮਟੌਰਵਾਲਾ

ਸਿਆਸੀ ਦਲਾਂ ਦੇ ਵਿਚ ਘਮਸਾਨ ਛਿੜਿਆ,
ਆਪੋਧਾਪੀ ਦਾ ਪੈਂਦਾ ਏ ਗਾਹ ਬੇਲੀ।

ਇੱਕ ਦੂਜੇ ਨੂੰ ਠਿੱਬੀਆਂ ਲਾਂਵਦੇ ਨੇ,
ਇੱਥੇ ਜਨਤਾ ਦੀ ਕਿਹਨੂੰ ਪ੍ਰਵਾਹ ਬੇਲੀ।

ਕਿਸੇ ਹੋਰ ਨੂੰ ਮੂਹਰੇ ਨਾ ਆਉਣ ਦਿੰਦੇ,
ਕਰ ਲੈਂਦੇ ਨੇ ਗੁਪਤ ਸਲਾਹ ਬੇਲੀ।

ਭੰਬਲਭੂਸੇ ਦੇ ਵਿੱਚ ਨੇ ਲੋਕ ਫਿਰਦੇ,
ਸਹੀ ਲੱਭਦਾ ਕੋਈ ਨਾ ਰਾਹ ਬੇਲੀ।

ਰਵਾਇਤੀ ਦਲਾਂ ਤੋਂ ਮੋਹ ਹੈ ਭੰਗ ਹੋਇਆ,
ਲੋਕੀਂ ਚਾਹੁੰਦੇ ਨੇ ਪਏ ਬਦਲਾਅ ਬੇਲੀ।

ਮਟੌਰਵਾਲਿਆ ਆਈ ਤੇ ਜਦ ਆਉਣ ਲੋਕੀਂ,
ਤਖਤ ਦਿੰਦੇ ਨੇ ਉਦੋਂ ਪਲਟਾ ਬੇਲੀ।

ਸਫ਼ਰ-ਏ-ਸ਼ਹਾਦਤ

# ਨਿੱਕੀਆਂ ਜਿੰਦਾਂ ਵੱਡੇ ਸਾਕੇ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ



ਐ ਸਤਿਗੁਰੂ ਗੋਬਿੰਦ ! ਤੂੰ ਵੁਹ ਅਬਰਿ ਕਰਮ ਹੈ।
ਐ ਸਤਿਗੁਰੂ ਗੋਬਿੰਦ ! ਤੂੰ ਵੁਹ ਅਬਰਿ ਹਮਾਮ ਹੈ।
ਸਾਨੀ ਤੇਰਾ ਦਾਰਾ ਨਾ ਥਾ ਨ ਸਿਕੰਦਰ ਹੈ ਨ ਜਮ ਹੈ।
ਖਾਤਾ ਤੇਰੇ ਕਦਮੋਂ ਕੀ ਫਰੀਦੂੰ ਭੀ ਕਸਮ ਹੈ।
ਹਾਤਮ ਕਾ ਸਖਾਵਤ ਸੇ ਅਗਰ ਨਾਮ ਭੁਲਾਇਆ।
ਜੁਰਅਤ ਸੇ ਹਮੇਂ ਰੁਸਤਮੇਂ ਬਹਿਰਾਮ ਭੁਲਾਇਆ।

( ਹਕੀਮ ਅੱਲ੍ਹਾ ਯਾਰ ਖਾਂ ਜੋਗੀ)

ਪੰਜਾਬ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੀਆਂ ਸ਼ਹਾਦਤਾਂ ਲਾਸਾਨੀ ਹਨ। ਇਨ੍ਹਾਂ ਦੀਆਂ ਕੁਰਬਾਨੀਆਂ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਦਿੰਦੀਆਂ ਰਹਿਣਗੀਆਂ। ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਦੀ ਕੁਰਬਾਨੀ ਤੋਂ ਸੇਧ ਲੈਂਦੀਆਂ ਰਹਿਣਗੀਆਂ। ਜ਼ੁਲਮ, ਜਬਰ ਦਾ ਵਿਰੋਧ ਆਪਣੇ ਧਰਮ ਦੀ ਖਾਤਰ ਆਪਣਾ ਬਲੀਦਾਨ ਦੇਣ ਦਾ ਜਜ਼ਬਾ ਆਪਣੀ ਕੌਮ ਨੂੰ ਹਮੇਸ਼ਾਂ ਸੇਧ ਦਿੰਦਾ ਰਹੇਗਾ।

ਖਾਲਸਾ ਦੀ ਸਥਾਪਨਾ ਤੋਂ ਕੇਵਲ ਦੋ ਸਾਲ ਬਾਅਦ 1701 ਈ. ਵਿੱਚ ਸਿੱਖਾਂ ਅਤੇ ਪਹਾੜੀ ਰਾਜਿਆਂ ਵਿਚਕਾਰ ਯੁੱਧ ਸ਼ੁਰੂ ਹੋ ਗਿਆ। ਇਸ ਦਾ ਕਾਰਨ ਸੀ ਕਿ ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਦੂਰ ਦੂਰ ਤੱਕ ਭੇਜਿਆ ਤਾਂ ਕਿ ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਉਨ੍ਹਾਂ ਨੂੰ ਖ਼ਾਲਸਾ ਬਣਾ ਸਕਣ। ਅਣਗਿਣਤ ਲੋਕ ਖ਼ਾਲਸਾ ਬਣਨ ਲਈ ਬੜੇ ਉਤਸ਼ਾਹ ਨਾਲ ਅਨੰਦਪੁਰ ਸਾਹਿਬ ਆਉਣ ਲੱਗੇ। ਗੁਰੂ ਜੀ ਨੇ ਉਨ੍ਹਾਂ ਨੂੰ ਹਥਿਆਰ ਚਲਾਉਣ ਦੀ ਸਿੱਖਿਆ ਦੇਣੀ ਆਰੰਭ ਕਰ ਦਿੱਤੀ। ਗੁਆਂਢੀ ਹੋਣ ਕਾਰਨ ਪਹਾੜੀ ਰਾਜੇ ਗੁਰੂ ਸਾਹਿਬ ਦੀਆਂ ਸੈਨਿਕ ਗਤੀਵਿਧੀਆਂ ਤੋਂ ਘਬਰਾ ਗਏ।

ਗੁਰੂ ਸਾਹਿਬ ਦੁਆਰਾ ਜਾਤ-ਪਾਤ, ਮੂਰਤੀ-ਪੂਜਾ ਅਤੇ ਕਰਮ-ਕਾਂਡ ਤੋਂ ਵੱਖ ਸਮਾਜ ਦੀ ਸਥਾਪਨਾ ਪਹਾੜੀ ਰਾਜਿਆਂ ਦੇ ਸਨਾਤਨ ਧਰਮ ਦੇ ਸਿਧਾਂਤਾਂ ਦੇ ਵਿਰੁੱਧ ਸੀ। ਬਿਲਾਸਪੁਰ ਦੇ ਰਾਜਾ ਭੀਮ ਚੰਦ ਕੁੱਝ ਜ਼ਿਆਦਾ ਹੀ ਚਿੰਤਤ ਸੀ ਕਿਉਂਕਿ ਅਨੰਦਪੁਰ ਉਸ ਦੀ ਹੀ ਰਿਆਸਤ ਵਿੱਚ ਸੀ। ਭੀਮ ਚੰਦ ਨੇ ਆਪਣਾ ਇੱਕ ਦੂਤ ਗੁਰੂ ਜੀ ਪਾਸ ਭੇਜਿਆ ਕਿ ਉਹ ਅਨੰਦਪੁਰ ਨੂੰ ਛੱਡ ਜਾਣ। ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ ਕਿ ਅਨੰਦਪੁਰ ਦੀ ਧਰਤੀ ਉਨ੍ਹਾਂ ਦੇ ਪਿਤਾ ਜੀ ਨੇ ਪੈਸੇ ਦੇ ਕੇ ਖਰੀਦੀ ਸੀ। ਭੀਮ ਚੰਦ ਦੀ ਫ਼ੌਜ ਨੇ ਅਨੰਦਪੁਰ ਸਾਹਿਬ ਦੇ ਕਿਲੇ ਦੀ ਘੇਰਾਬੰਦੀ ਕਰ ਕੇ ਹਮਲਾ ਕਰ ਦਿੱਤਾ।

ਭੀਮ ਚੰਦ ਦੇ ਕਹਿਣ 'ਤੇ ਗੁਰੂ ਜੀ ਕੁੱਝ ਦਿਨਾਂ ਲਈ ਕੀਰਤਪੁਰ ਸਾਹਿਬ ਚਲੇ ਗਏ। ਪਰੰਤੂ ਇਹ ਸਮਝੌਤਾ ਸਥਾਈ ਨਾ ਰਿਹਾ। ਭੰਗਾਣੀ ਦੇ ਅਸਥਾਨ ਤੇ ਪਹਾੜੀ ਰਾਜਿਆਂ ਨਾਲ ਘਸਮਾਣ ਦਾ ਯੁੱਧ ਹੋਇਆ। ਭੀਮ ਚੰਦ ਸਿੱਖਾਂ ਉੱਤੇ ਜਿੱਤ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ ਤਾਂ ਉਸ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਸਿੱਖਾਂ ਵਿਰੁੱਧ ਸਹਾਇਤਾ



ਲਈ ਬੇਨਤੀ ਕੀਤੀ। ਬਸੌਨੀ ਦੇ ਰਾਜਾ ਧਰਮਪਾਲ ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਠਹਿਰਨ ਦਾ ਸੱਦਾ ਭੇਜਿਆ। ਇਸ ਕਾਰਨ ਗੁਰੂ ਜੀ ਆਪਣੇ ਸਿੱਖਾਂ ਸਮੇਤ ਬਸੌਨੀ ਆ ਗਏ। ਉੱਥੇ ਵੀ ਭੀਮ ਚੰਦ ਦੀ ਸੈਨਾ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਪਰੰਤੂ ਉਸ ਨੂੰ ਸਿੱਖਾਂ ਹੱਥੋਂ ਹਾਰ ਖਾਣੀ ਪਈ। ਇਸ ਤੋਂ ਬਾਅਦ ਸਿੱਖਾਂ ਨੇ ਕਮਲੋ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇਸ ਨਾਲ ਭੀਮ ਚੰਦ ਹੋਰ ਵੀ ਘਬਰਾ ਗਿਆ। ਅੰਤ 1702 ਵਿੱਚ ਉਸ ਨੇ ਗੁਰੂ ਸਾਹਿਬ ਨਾਲ ਸਮਝੌਤਾ ਕਰ ਲਿਆ। ਅਗਲੇ ਦੋ ਸਾਲਾਂ ਤੱਕ ਸ਼ਾਂਤੀ ਰਹੀ ਅਤੇ ਗੁਰੂ ਜੀ ਨੇ ਇਹ ਸਮਾਂ ਆਪਣੀ ਸੈਨਾ ਨੂੰ ਸੰਗਠਿਤ ਕਰਨ ਵਿੱਚ ਲਗਾਇਆ।

ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨੂੰ ਹਰਾਉਣ ਲਈ ਇੱਕ ਵਾਰ ਫਿਰ ਮੁਗਲ ਸਮਰਾਟ ਔਰੰਗਜ਼ੇਬ ਤੋਂ ਸਹਾਇਤਾ ਮੰਗੀ। ਉਸ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਦੇ ਵਿਰੁੱਧ ਕਾਰਵਾਈ ਕਰਨ ਲਈ ਹੁਕਮ ਕੀਤਾ। ਇਸ 'ਤੇ ਮਈ, 1704 ਈ. ਵਿੱਚ ਵਜ਼ੀਰ ਖਾਂ ਦੀ ਅਗਵਾਈ ਵਿੱਚ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਇਹ ਘੇਰਾਬੰਦੀ ਦਸੰਬਰ, 1704 ਤੱਕ ਚੱਲਦੀ ਰਹੀ। ਇੰਨੇ ਲੰਬੇ ਸਮੇਂ ਅਰਸੇ ਤੱਕ ਕਿਲ੍ਹੇ ਵਿੱਚ ਖਾਣਪੀਣ ਦੀ ਸਮੱਗਰੀ ਖ਼ਤਮ ਹੋ ਗਈ। ਸਿੱਖਾਂ ਦਾ ਉਤਸ਼ਾਹ ਘਟਣ ਲਗ ਪਿਆ। ਭੁੱਖ ਦੇ ਕਾਰਨ ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡ ਦੇਣ ਦੀ ਪ੍ਰਾਰਥਨਾ ਕੀਤੀ ਪਰੰਤੂ ਉਨ੍ਹਾਂ ਨੇ ਅੰਤ ਤੱਕ ਯੁੱਧ ਕਰਨ ਦਾ ਫੈਸਲਾ ਲਿਆ। ਅੰਤ ਕੁੱਝ ਸਿੱਖ ਗੁਰੂ ਜੀ ਦਾ ਸਾਥ ਛੱਡ ਗਏ ਪਰ ਮੁਸ਼ਕਲਾਂ ਦੇ ਬਾਵਜੂਦ ਗੁਰੂ ਜੀ ਦੁਸ਼ਮਣਾਂ ਦਾ ਸਾਹਮਣਾ ਕਰਦੇ ਰਹੇ। ਦੁਸ਼ਮਣ ਵੀ ਲੜ ਲੜ ਕੇ ਥੱਕ ਗਏ।

ਆਖ਼ਰ ਮੁਗਲ ਸੈਨਾਪਤੀਆਂ ਨੇ ਕੁਰਾਨ ਅਤੇ ਪਹਾੜੀ ਰਾਜਿਆਂ ਨੇ ਗਊ ਦੀ ਕਸਮ ਖਾ ਕੇ ਗੁਰੂ ਜੀ ਨੂੰ ਵਿਸ਼ਵਾਸ ਦਿੱਤਾ ਕਿ ਜੇਕਰ ਉਹ ਕਿਲ੍ਹਾ ਛੱਡ ਜਾਵਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਜਾਣ ਦਿੱਤਾ ਜਾਵੇਗਾ। ਗੁਰੂ ਜੀ ਉਨ੍ਹਾਂ

ਦੀਆਂ ਕਸਮਾਂ 'ਤੇ ਵਿਸ਼ਵਾਸ ਨਹੀਂ ਸੀ ਪਰ ਮਾਤਾ ਗੁਜਰੀ ਜੀ ਅਤੇ ਸਿੱਖਾਂ ਦੇ ਕਹਿਣ 'ਤੇ 21 ਦਸੰਬਰ, 1704 ਨੂੰ ਕਿਲ੍ਹਾ ਛੱਡ ਦਿੱਤਾ ਗਿਆ। ਸਿੱਖ ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਦੁਸ਼ਮਣਾ ਨੇ ਕਸਮਾਂ ਦੀ ਪ੍ਰਵਾਹ ਕੀਤੇ ਬਗੈਰ ਹੀ ਉਨ੍ਹਾਂ ਨੂੰ ਆ ਘੇਰਿਆ। ਗੁਰੂ ਸਾਹਿਬ ਨੇ ਸ਼ਾਹੀ ਟਿੱਬੀ ਵਿੱਚ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ 50 ਸਿੱਖਾਂ ਨੂੰ ਦੁਸ਼ਮਣ ਸੈਨਾ ਨੂੰ ਰੋਕਣ ਦਾ ਜ਼ਿੰਮਾਂ ਸੌਂਪ ਕੇ ਆਪ ਸਾਥੀਆਂ ਸਮੇਤ ਅੱਗੇ ਵਧ ਗਏ। ਸਰਸਾ ਨਦੀ ਦੇ ਕੰਢੇ ਮੁਗਲ ਸੈਨਾ ਦੀ ਸਿੱਖਾਂ ਨਾਲ ਝੜਪ ਹੋਈ ਜਿਸ ਨਾਲ ਭੱਜ ਦੌੜ ਮਚ ਗਈ ਅਤੇ ਬਹੁਤ ਸਾਰੇ ਸਿੱਖ ਨਦੀ ਵਿੱਚ ਰੁੜ੍ਹ ਗਏ। ਇਸ ਸਮੇਂ ਗੁਰੂ ਜੀ ਦੀਆਂ ਬਹੁਤ ਸਾਰੀਆਂ ਸਾਹਿਤਿਕ ਰਚਨਾਵਾਂ ਵੀ ਨਦੀ ਦੇ ਪਾਣੀ ਵਿੱਚ ਵਹਿ ਗਈਆਂ।

ਸਰਸਾ ਪਾਰ ਕਰ ਕੇ ਗੁਰੂ ਜੀ 40 ਸਿੱਖਾਂ ਨਾਲ ਚਮਕੌਰ ਪਹੁੰਚੇ। ਉੱਥੇ ਉਨ੍ਹਾਂ ਨੇ ਮਿੱਟੀ ਨਾਲ ਬਣੀ ਦੀਵਾਰ ਵਾਲੀ ਗੜ੍ਹੀ ਵਿੱਚ ਸ਼ਰਨ ਲਈ। ਹਜ਼ਾਰਾਂ ਦੀ ਗਿਣਤੀ ਵਿੱਚ ਮੁਗਲ ਫੌਜ ਨੇ ਗੜ੍ਹੀ ਨੂੰ ਘੇਰ ਲਿਆ। ਗੁਰੂ ਜੀ ਨੇ ਵਿਸ਼ਾਲ ਮੁਗਲ ਸੈਨਾ ਦਾ ਬੀਰਤਾ ਨਾਲ ਮੁਕਾਬਲਾ ਕੀਤਾ ਅਤੇ ਸੈਂਕੜੇ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ 22 ਦਸੰਬਰ, 1704 ਦਾ ਦਿਨ ਸੀ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਦੋ ਪਿਆਰੇ ਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤ ਸਿੰਘ ਸ਼ਹੀਦ ਹੋ ਗਏ। ਵੱਡੇ ਸਾਹਿਬਜ਼ਾਦਿਆਂ ਦੀ ਇਹ ਅਦੁੱਤੀ ਸ਼ਹਾਦਤ ਸਾਡੇ ਇਤਿਹਾਸ ਦਾ ਉਹ ਕਾਰਨਾਮਾ ਹੈ ਜਿਸ ਤੋਂ ਕੌਮ ਸਦਾ ਸੇਧ ਅਤੇ ਰਹਿਨੁਮਾਈ ਲੈਂਦੀ ਰਹੇਗੀ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਪਾਸ ਕੇਵਲ 5 ਸਿੰਘ ਰਹਿ ਗਏ ਸਨ। ਉਨ੍ਹਾਂ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹ ਆਪਣੇ ਜੀਵਨ ਦੀ ਰੱਖਿਆ ਖਾਤਰ ਗੜ੍ਹੀ ਛੱਡ ਦੇਣ। ਗੁਰੂ ਜੀ ਨੇ ਉਨ੍ਹਾਂ ਦੇ ਹੁਕਮ ਨੂੰ ਮੰਨ ਕੇ ਰਾਤ ਦੇ ਹਨੇਰੇ ਵਿੱਚ ਭੇਸ ਬਦਲ ਕੇ ਤਿੰਨਾਂ ਸਾਥੀਆਂ ਸਮੇਤ ਗੜ੍ਹੀ ਛੱਡ ਦਿੱਤੀ ਪਰੰਤੂ ਰਾਤ ਦੇ ਹਨੇਰੇ ਕਾਰਨ ਇੱਕ ਦੂਜੇ ਨਾਲੋਂ ਵਿਛੜ ਗਏ। ਚਮਕੌਰ ਤੋਂ ਗੁਰੂ ਜੀ ਇਕੱਲੇ ਹੀ ਭਟਕਦੇ ਹੋਏ ਮਾਛੀਵਾੜੇ ਦੇ ਜੰਗਲ ਵਿੱਚ ਪਹੁੰਚੇ। ਉਸ ਵੇਲੇ ਉਨ੍ਹਾਂ ਦੇ ਕੱਪੜੇ ਫਟ ਗਏ ਸਨ। ਸਰੀਰ ਥੱਕ ਕੇ ਚੂਰ ਹੋ ਗਿਆ ਸੀ। ਪੈਰਾਂ ਵਿੱਚ ਛਾਲੇ ਪੈ ਚੁੱਕੇ ਸਨ। ਭੁੱਖ ਮਿਟਾਉਣ ਲਈ ਉਨ੍ਹਾਂ ਨੇ ਅੱਕ ਦੇ ਪੱਤੇ ਅਤੇ ਡੋਡੀਆਂ ਖਾ ਕੇ ਗੁਜ਼ਾਰਾ ਕੀਤਾ। ਕਹਿਰ ਪਾਉਂਦੀ ਸਰਦੀ ਤੋਂ ਬਚਣ ਲਈ ਉੱਪਰ ਲੈਣ ਲਈ ਕੋਈ ਕੱਪੜਾ ਵੀ ਨਹੀਂ ਸੀ। ਅਜਿਹੀ ਮੁਸੀਬਤ ਵਿੱਚ ਵੀ ਉਨ੍ਹਾਂ ਨੇ ਸਾਹਸ ਨਹੀਂ ਛੱਡਿਆ। ਏਥੇ ਹੀ ਉਨ੍ਹਾਂ ਨੇ ' ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ..' ਦੀ ਰਚਨਾ ਕੀਤੀ। ਕੁੱਝ ਸਮੇਂ ਬਾਅਦ ਆਪ ਮਾਛੀਵਾੜੇ ਦੇ ਕਸਬੇ ਵਿੱਚ ਆ ਗਏ। ਉੱਥੇ ਗੁਰੂ ਜੀ ਗੁਲਾਬ ਅਤੇ ਪੰਜਾਬ ਨਾਮੀ ਸ਼ਰਧਾਲੂਆਂ ਕੋਲ ਠਹਿਰੇ ਜਿਨ੍ਹਾਂ ਨੇ ਗੁਰੂ ਜੀ ਦੀ ਖ਼ੂਬ ਸੇਵਾ ਕੀਤੀ ਪਰੰਤੂ ਜਲਦੀ ਹੀ ਮੁਗਲ ਸਰਕਾਰ ਦੇ ਡਰ ਕਾਰਨ ਉਨ੍ਹਾਂ ਨੇ ਗੁਰੂ ਜੀ ਨੂੰ ਆਪਣੇ ਪਾਸ ਰੱਖਣ ਤੋਂ ਇਨਕਾਰ ਕਰ ਦਿੱਤਾ। ਅਜਿਹੇ ਸੰਕਟ ਸਮੇਂ ਪਠਾਣ ਭਰਾਵਾਂ ਨਬੀ ਖਾਨ ਅਤੇ ਗਨੀ ਖਾਨ ਨੇ ਉਨ੍ਹਾਂ ਨੂੰ ਸ਼ਰਨ ਦਿੱਤੀ। ਇਨ੍ਹਾਂ ਨੇ ਕਈ ਵਾਰ ਗੁਰੂ ਜੀ ਪਾਸ ਘੋੜੇ ਵੇਚੇ ਸਨ। ਉਹ ਗੁਰੂ ਜੀ ਦੀ ਮਹਾਨਤਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਭਗਤ ਬਣ ਗਏ ਸਨ। ਵਜ਼ੀਰ ਖਾਨ ਦੇ ਜਾਸੂਸ ਗੁਰੂ ਜੀ ਦੀ ਤਲਾਸ਼ ਵਿੱਚ ਮਾਛੀਵਾੜੇ ਆ ਗਏ।

ਨਬੀ ਖਾਨ ਤੇ ਗਨੀ ਖਾਨ ਨੇ ਗੁਰੂ ਜੀ ਨੂੰ ਗ੍ਰਿਫਤਾਰੀ ਤੋਂ ਬਚਾਉਣ ਲਈ ਉਨ੍ਹਾਂ ਦੇ ਮੁਸਲਿਮ ਪੀਰ ਵਾਲੇ ਨੀਲੇ ਕੱਪੜੇ ਪਹਿਨਾ ਕੇ ਪਾਲਕੀ ਵਿੱਚ ਬਿਠਾ ਕੇ ਆਪਣੇ ਮੋਢੇ 'ਤੇ ਚੁੱਕ ਲਿਆ। ਮੁਗਲ ਜਾਸੂਸਾਂ ਦੇ ਪੁੱਛਣ 'ਤੇ ਉਨ੍ਹਾਂ ਉੱਤਰ ਦਿੱਤਾ ਕਿ ਪਾਲਕੀ ਵਿੱਚ ਉੱਚ ਦੇ ਪੀਰ(ਸੂਫੀ ਸੰਤ) ਬੈਠੇ ਹਨ। ਇਹ ਕਹਿ ਕੇ ਉਹ ਗੁਰੂ ਜੀ ਨੂੰ ਖਤਰਨਾਕ ਖੇਤਰ ਤੋਂ ਸੁਰੱਖਿਅਤ ਬਾਹਰ ਸਨੇਹ ਨਾਮੀ ਪਿੰਡ ਵਿੱਚ ਲੈ ਗਏ। ਉੱਥੇ ਕਾਜ਼ੀ ਪੀਰ ਮੁਹੰਮਦ ਨੇ ਉਨ੍ਹਾਂ ਦੀ ਸੇਵਾ ਕੀਤੀ। ਆਪਣੇ ਬਚਪਨ ਵਿੱਚ ਗੁਰੂ ਸਾਹਿਬ ਨੇ ਇਸ ਕਾਜ਼ੀ ਤੋਂ ਫਾਰਸੀ ਅਤੇ ਕੁਰਾਨ ਦੀ ਸਿੱਖਿਆ ਲਈ ਸੀ।

ਸਰਸਾ ਨਦੀ ਪਾਰ ਕਰਨ ਸਮੇਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਵੀ ਵਿਛੜ ਗਏ ਅਤੇ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਦੇ ਨਾਲ ਮੋਰਿੰਡਾ ਲਾਗੇ ਉਸ ਦੇ ਪਿੰਡ ਸਹੇੜੀ ਚਲੇ ਗਏ। ਗੰਗੂ ਨੇ ਇਨ੍ਹਾਂ ਨੂੰ ਧੋਖੇ ਨਾਲ ਮੋਰਿੰਡਾ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ ਜਿਸ ਨੇ ਇਨ੍ਹਾਂ ਨੂੰ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਨ ਨੂੰ ਸੌਂਪ ਦਿੱਤਾ। ਵਜ਼ੀਰ ਖਾਨ ਦੇ ਸਲਾਹਕਾਰ ਸੁੱਚਾ ਨੰਦ ਨੇ ਉਸ ਨੂੰ ਇਨ੍ਹਾਂ ਦੋਵੇਂ ਬੱਚਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਸਲਾਹ ਦਿੱਤੀ। ਵਜ਼ੀਰ ਖਾਨ ਨੇ ਇਨ੍ਹਾਂ ਬੱਚਿਆਂ ਨੂੰ ਇਸਲਾਮ ਧਰਮ ਅਪਨਾਉਣ ਦਾ ਆਦੇਸ਼ ਦਿੱਤਾ ਪਰੰਤੂ ਉਨ੍ਹਾਂ ਵਲੋਂ ਇਨਕਾਰ ਕਰਨ 'ਤੇ 27 ਦਸੰਬਰ, 1704 ਨੂੰ ਸਮਾਣਾ ਨਿਵਾਸੀ ਸਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਉਨ੍ਹਾਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਸਮੇਂ ਜ਼ੋਰਾਵਰ ਸਿੰਘ ਦੀ ਉਮਰ ਨੌਂ ਸਾਲ ਅਤੇ ਫਤਿਹ ਸਿੰਘ ਦੀ ਉਮਰ ਕੇਵਲ ਸੱਤ ਸਾਲ ਦੀ ਸੀ। ਇਹ ਖਬਰ ਸੁਣਦਿਆਂ ਉਨ੍ਹਾਂ ਦੀ ਦਾਦੀ ਮਾਂ ਮਾਤਾ ਗੁਜਰੀ ਨੇ ਵੀ ਪ੍ਰਾਣ ਤਿਆਗ ਦਿੱਤੇ। ਇਸ ਸਮੇਂ ਗੁਰੂ ਸਾਹਿਬ ਜੈਤਪੁਰਾ ਪਿੰਡ ਵਿੱਚ ਉੱਥੋਂ ਮੁਸਲਿਮ ਚੌਧਰੀ ਰਾਏ ਕੱਲਾ ਪਾਸ ਠਹਿਰੇ ਹੋਏ ਸਨ। ਇਹ ਦੁਖਦਾਈ ਖਬਰ ਗੁਰੂ ਜੀ ਨੂੰ ਰਾਏ ਕੱਲਾ ਵਲੋਂ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਨਣ ਲਈ ਸਰਹਿੰਦ ਭੇਜੇ ਗਏ ਇੱਕ ਦੂਤ ਨੇ ਦਿੱਤੀ। ਉਨ੍ਹਾਂ ਨੇ ਕਮਾਨ ਤੋਂ ਤੀਰ ਮਾਰ ਕੇ ਇੱਕ ਝਾੜੀ ਨੂੰ ਉਖਾੜ ਸੁਟਿਆ ਅਤੇ ਕਿਹਾ, "ਦੁਸ਼ਮਣ ਨੂੰ ਇਸ ਤਰ੍ਹਾਂ ਉਖਾੜ ਦਿੱਤਾ ਜਾਵੇਗਾ"।

ਚਾਰੇ ਸਹਿਬਜ਼ਾਦੇ ਆਪਣੀ ਲਾਸਾਨੀ ਅਤੇ ਅਦੁੱਤੀ ਕੁਰਬਾਨੀ ਸਦਕਾ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਗਏ ਹਨ। ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈਂਦੀਆਂ ਰਹਿਣਗੀਆਂ।

# ਸੈਣੀਆਂ ਦੇ ਗੋਤ

ਸੁਰਜੀਤ ਸਿੰਘ ਨਨੂਆਂ



ਕੁੱਝ ਸਮਾਂ ਪਹਿਲਾਂ ਜਦੋਂ ਔਰਤਾਂ ਨੇ ਘੁੰਡ ਕੱਢਣਾ ਹੁੰਦਾ ਸੀ ਤਾਂ ਉਹ ਆਦਮੀਆਂ ਦੇ ਰੁਤਬੇ ਅਤੇ ਗੋਤ ਦਾ ਖਿਆਲ ਰੱਖਦੀਆਂ ਸਨ। ਉਹ ਆਪਣੇ ਪਤੀ ਤੋਂ ਉਮਰ ਵਿਚ ਵੱਡੇ ਅਤੇ ਰਿਸ਼ਤੇ ਵਿੱਚ ਵੱਡੇ ਬੰਦੇ ਤੋਂ ਘੁੰਡ ਕੱਢਦੀਆਂ ਸਨ। ਦੂਜੇ ਪਾਸੇ ਉਮਰ ਅਤੇ ਰਿਸ਼ਤੇ ਵਿਚ ਵੱਡੇ ਪ੍ਰੰਤੂ ਗੋਤੀ ਬੰਦੇ ਨੂੰ ਭਰਾ ਸਮਝ ਕੇ ਘੁੰਡ ਨਹੀਂ ਕੱਢਦੀਆਂ ਸਨ। ਇਸ ਲਈ ਉਨ੍ਹਾਂ ਨੂੰ ਗੋਤਾਂ ਦੀ ਜਾਣਕਾਰੀ ਹੁੰਦੀ ਸੀ। ਹੁਣ ਜਦੋਂ ਘੁੰਡ ਕੱਢਣ ਦਾ ਰਿਵਾਜ ਖਤਮ ਹੋ ਗਿਆ ਅਤੇ ਪਰਿਵਾਰ ਟੁੱਟਦੇ ਜਾ ਰਹੇ ਹਨ ਤਾਂ ਔਰਤਾਂ ਵਿਚ ਵੀ ਇਸ ਪੱਖੋਂ ਜਾਣਕਾਰੀ ਘੱਟ ਰਹੀ ਹੈ। ਫਿਰ ਵੀ ਕੋਈ ਵੀ ਰਿਸ਼ਤਾ ਤੈ ਕਰਨ ਤੋਂ ਪਹਿਲਾਂ ਦੋਨਾਂ ਧਿਰਾਂ ਦੇ ਗੋਤ ਵੇਖੇ ਜਾਂਦੇ ਹਨ। ਮੁੰਡੇ ਅਤੇ ਕੁੜੀ ਦੇ ਮਾਤਾ ਪਿਤਾ ਦੇ ਗੋਤ ਮਿਲ ਜਾਣ ਤਾਂ ਰਿਸ਼ਤੇ ਨਹੀਂ ਕੀਤੇ ਜਾਂਦੇ।ਲੋਕ ਚਾਹੇ ਕਿਤਨਾ ਵੀ ਮਾਡਰਨ ਬਣ ਜਾਣ, ਸਮਾਜਿਕ ਬੰਧਨਾਂ ਨੂੰ ਤਾਂ ਮੰਨਣਾ ਹੀ ਪੈਂਦਾ ਹੈ। ਜੇਕਰ ਕਿਸੇ ਸਮਾਜ ਵਿਚ ਮਾਮੇ ਜਾਂ ਭੂਆ ਦੀ ਲੜਕੀ ਨਾਲ ਰਿਸ਼ਤਾ ਕਰਨ ਦਾ ਅਧਿਕਾਰ ਹੈ ਤਾਂ ਸਿੱਖ ਤੇ ਹਿੰਦੂ ਸੈਣੀਆਂ ਵਿਚ ਇਸ ਤਰ੍ਹਾਂ ਨਹੀ ਹੈ।

ਵਰਤਮਾਨ ਸਰਵੇਖਣ ਅਨੁਸਾਰ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਪਾਕਿਸਤਾਨ ਵਿਚ ਹੇਠ ਲਿਖੇ ਗੋਤਾਂ ਦੇ ਸੈਣੀ ਹਨ :

ੳ) ਉਘੜੇ ਅ) ਅਤਰ, ਅੰਨ੍ਹੇ, ਅਗਰਵਾਲ

ਸ) ਸਲਾਰੀਏ, ਸੰਗੋਵਾਲੀਏ, ਸੰਧੂਰੀਏ, ਸੰਗੜ, ਸ਼ਾਹੀ, ਸੀਂਹ ਮਾਰ ਗਿਰਨ, ਸਾਹਨਣ, ਸੱਜਣ, ਸਤਰਾਵਾਲਾ, ਸਤਰਾਵਲੀ, ਸਾਖਲਾ, ਸਰੋਹਾ, ਸਤਮੁਖੀਏ, ਸੁਖਾਈ, ਸੱਗੀ, ਸਤਰੋਲੇ, ਸੈਰ, ਸਹਿਗਲ, ਸਿਆਣੀ, ਸੁੰਧ, ਸੱਮੀ, ਸਮਾਣੀਏ।

ਹ) ਹੱਡ-(ਹੱਦ), ਹਾਂਸੀ, ਹਡਵਾਲ, ਹੂਣ, ਹਜਾਰਾ

ਕ) ਕਾਲੀਏ, ਕਪੂਰੀਏ (ਕਪੂਰ), ਕਲੋਟੀ, ਕੈਂਥਲੀਏ, ਕੈਂਥ, ਕੀਰ, ਕਾਂ, ਕੁਛਰਤ, ਕਟਾਰੀਏ, ਕਬਾੜ, ਕਪੂਰਕੈਥਲ, ਕੁਹਾੜ, ਕਮੋਖੜ ਖੱਤਰੀ, ਕਪੂਰ ਖੱਤਰੀ, ਕਢਾਉਣੀ, ਕਾਬੜਵਾਲ, ਕੰਬੋਅ।

ਖ) ਖੁੱਬੇ, ਖੋਬੇ, ਖੁੱਸੇ, ਖੜ ਖੱਤਰੀ, ਖੱਤਰੀ ਅੰਧਾਣੀਏ, ਖਰਗਾਲ, ਖੇਲਬੜੇ, ਖੱਤਰੀ।

ਗ) ਗੋਗਿਆਣ, ਗਿੱਦੇ (ਗਿੱਧੇ), ਗਹੀਰ, ਗਹੂਣੀਏ, ਗੋਗੀਏ, ਗੰਗਿਆਣ, ਗੜ੍ਹਾਮੀਏ, ਗਰੋੜੇ, ਗੇਲ੍ਹਣ, ਗਾੜੇ, ਗਿੱਦੜ, ਗਾਲ੍ਹੇ, ਗਿਰਣ (ਗਿਰਨ), ਗੜਾਣੀਏ, ਗਲੇਰੀਏ, ਗੇਹਲਣ (ਗਿੱਲ), ਗੋਲੀਏ, ਗੋਗਣ (ਗੋਗੀ), ਗਦਣੀਏ, ਗਿਰਨ ਸਮਾਣੀਏ

ਘ) ਘਨੇੜੇ, ਘੰਗੇਰੀਏ

ਚ) ਚੇੜੇ, ਚੇਪੜੂ (ਚੋਪੜੇ), ਚੰਦੇਲ, ਚਾਂਦੋਲੀਆ, ਚੌਹਾਨ, ਚਚਰਿੰਡੇ

ਛ) ਛਿਲਣੇ ਜ) ਜਾਪੜੇ, ਜੰਡੌਰੀਏ, ਜਗੈਤ, ਜੋਸ਼ੀ, ਜੰਡੀਰ, ਜਾਂਗਲੀਏ, ਜੌੜੇ, ਜਮਾਲਪੁਰ

ਟ) ਟੌਂਕ (ਟਾਂਕ), ਟਾਟਰੀ, ਟਿਕੋਰੀਆ (ਟੋਕੋਰੀਆ)

ਡ) ਡੁਹਕਲੂ (ਡੁਲਕੂ), ਡਕੋਲੀਏ, ਡੌਲੇ (ਧੋਲੇ-ਢੋਲੇ), ਡੋਲਕਾ

ਢ) ਢੇਰੀ, ਢੰਡ, ਢੇਕ (ਢੱਕ)

ਤ) ਤੰਬੜ, ਤੋਗੜ, ਤਰੋਟੀਏ, ਤਿਸੂੜੀਆ (ਤਸੀੜੀਆ), ਤੂਸੀੜ, ਤਾਂਦੂਆਲ (ਤੋਂਦਵਾਲ), ਤਬਾਚੜੇ, ਤੂਰ, ਤਰਾਲ

ਥ) ਥਿੰਦ ਦ) ਦੌੜਕਾ, ਦਰੜ, ਦਹੀਏ, ਦੁਧਤੀਆਂ।

ਧ) ਧੌਲੇ (ਡੌਲੇ), ਧਨੋਤੇ, ਧੂਰੇ, ਧਮੜੈਤ, ਧਈਏ

ਨ) ਨਗੋਰੀਏ, ਨਨੂਏ, ਨਵੇਂ

ਪ) ਪਤਰੋਟੇ (ਭਦਰੇਟੇ), ਪਾਬਲੇ, ਪੈਂਤਲੀਏ, ਪੜਤੋਲੇ, ਪਪੋਸੇ, ਪਬਮੇ, ਪੁੰਡਰਕ, ਪਿੰਗਲੀਏ, ਪੰਘੂਰੇ, ਪੰਘੂੜੇ, ਪੱਲੀ, ਪਾਬੇ, ਪਵਾਰ, ਪਾਮੇ, ਪੰਨੂ, ਪਾਸੇ। ਫ) ਫਰੜ , ਫਿਲਕਨੀ ਕੁਆਰ

ਬ) ਬਾਂਗੇ (ਬੰਗੇ), ਬਾਗੜੀਏ, ਬਿੰਬ (ਧਿੰਦ), ਬਸੂਟੇ (ਬਨਸੂਟੇ), ਬੰਬੇਵਾਲ, ਬੁਟੇਰਲ, ਬਸੌਰੀਏ, ਬਘੌਰੀਏ, ਬਚੜੇ (ਬਚੜ), ਬਘਾਲ (ਬਘਲ), ਬੁਸ਼ਰਾਣ, ਬੋਲੇ (ਭੋਲੇ), ਬਡਵਾਲ, ਬੌਲਦੀਏ, ਬੌਂਸਰ, ਬਾਂਡੇ (ਹਾਂਡੇ), ਬਜਵਾਲੀਏ, ਬਣਵੈਤ (ਬਣੈਤ), ਬੋਢਵਾਲ, ਬਬੇਰਵਾਲ

ਭ) ਭਦਰੋਟੇ (ਪਤਰੋਟੇ), ਭਾਰਦਵਾਜ, ਭੇਲ, ਭੇਲੇ, ਭੌਂਹਾ, ਭੌਂਦੀ, ਭਿਵਾਨੀਵਾਲ (ਭਗਵਾਨੀਵਾਲ), ਭੂਤ, ਭੰਗਲ, ਭੰਗੂੜੇ, ਭੋਖੜ।

ਮ) ਮਸੂਤੇ, ਮੁੰਧ, ਮਹਿਦਵਾਣ, ਮੀਣਗਤੀਏ, ਮਹੇੜੂ, ਮਾਲੀਏ, ਮੰਗਰ, ਮਟਵਾਇਆ, ਮੁਟਪਾਵਾ, ਮਤਾਣੀਏ, ਮਟਕੋ, ਮਿਹਰਵਾਨ (ਮਿਹਰਵਾਨ), ਮੁਲਤਾਨੀ, ਮੁੰਡੜੇ (ਮੁੰਦਰੇ), ਮੰਗੜ, ਮਹਿਵਾਣ। ਰ) ਰਾਸ਼ੀ

ਲ) ਲੰਬੇ (ਲਾਂਬੇ), ਲੌਂਗੀਏ, ਲਾਲੜੀਏ (ਲੂਲੜੀਏ), ਲੈਰੇ, ਲਾਠੜ, ਲਾਡਾ, ਲਧਾਣੀਏ। ਵ) ਵੈਦ

(ਪੁਸਤਕ "ਸੈਣੀ ਜਾਤ-ਉਤਪਤੀ ਅਤੇ ਵਿਕਾਸ" ਵਿਚੋਂ ਧੰਨਵਾਦ ਸਹਿਤ)

* * * * *

# Financial Help to the Needy Students by Saini Charitable Education Trust (Regd.)

Balbir Singh Saini
Ropar

| Donor | Sr. No. | Student Name | Class / Course | Institute | Amount |
|---|---|---|---|---|---|
| **1 Donor : Smt. Jaspal Kaur W/o S. Baldev Singh Mundra of Haveli Kalan, Now Kandivali (E) Mumbai, Regular Donation:-Rs. 25,05000/-** | | | | | |
| | 1 | Arshpreet Singh | M.Sc Chemistry 1st year | SGTB Khalsa College, APS | 10,000/- |
| do | 2 | Manpreet Kaur | M.Sc. Maths, 2nd Year | ASBASJSM College Bela | 10,000/- |
| do | 3 | Jasleen Kaur | M.Sc. 1st Year | SGTB Khalsa College, APS | 10,000/- |
| do | 4 | Arashdeep Kaur | M.Sc. 1st year | ASBASJSM College Bela | 8,000/- |
| do | 5 | Sohan Singh | MA 3rd Sem. | ASBASJSM College Bela | 8,000/- |
| do | 6 | Nancy Gupta | B.Sc. 2nd Sem | Govt. College, Rupnagar | 6000/- |
| do | 7 | Priya Saini | B. Com 1st year | Govt. College, Rupnagar | 6000/- |
| do | 8 | Simrandeep Saini | M.Sc Botany | Pbi. Uni. Patiala | 10,000/- |
| do | 9 | Ramanpreet Kaur | M.Sc 1st Year | ASBASJSM College Bela | 10,000/- |
| do | 10 | Amanpreet Singh | M.A. 1st Year | Govt. College, Rupnagar | 10,000/- |
| do | 11 | Jashanpreet Singh | B.A. LLB | Chandigarh Uni, Gharuan. | 10,000/- |
| **2 Donor : Late Lt.Col G.R.Saini (Retd.) Hoshiarpur Regular Donation: Rs. 2045000/** | | | | | |
| | 12 | Japp Kaur | B. Tech. CSE 7th Sem. | Chd. Engineering College, Landran | 8,000/- |
| -do- | 13 | Jaskaran Singh Saini | B.Tech. CSE 2nd Year | Doaba Group of College , Kharar | 8,000/- |
| -do- | 14 | Sharandeep Kaur | B.Tech. CSE 3rd Year | Rayat Bahra Uni. | 8,000/- |
| -do- | 15 | Harpreet Singh | B. Tech. Textile | GNDU Amritsar | 8,000/- |
| -do- | 16 | Neelam | B.Tech. CSE 5th Sem | Rayat Bahra Uni | 8,000/- |
| -do- | 17 | Tajinder Singh | B. Tech. Food Tech | SGGS World Uni, Fatehgarh Sahib | 8,000/- |
| -do | 18 | Simranjeet Kaur | B. Tech 7th Sem | BBSB Eng. College Fatehgarh Sahib | 8,000/- |
| -do- | 19 | Gurseerat Kaur | B. Tech. CSE 3rd Sem. | Pbi Uni Patiala | 8,000/- |
| -do- | 20 | Manveer Singh | Pharmacy 1st Year | Rayat Group of College. Railmajra | 6.000/- |
| -do- | 21 | Sukhpreet Kaur | B. Pharmacy 3rd Sem. | ASBASJSM Bela | 6,000/- |
| -do- | 22 | Amanpreet Singh | B. Pharmacy | ASBASJSM Bela | 6,000/- |
| -do- | 23 | Jasleen Kaur | B. Pharmacy 5th Sem. | ASBASJSM Bela | 6,000/- |
| -do- | 24 | Harpreet Kaur | B. Pharmacy 1st year | Rayat Institute of Pharmacy | 6,000/- |
| -do- | 25 | Harmanpreet Kaur | B. Pharmacy 1st Year | ASBASJSM Bela | 6000/- |
| -do- | 26 | Sukhpreet Kaur | B.Sc (Hon) Nursing 2nd year | AIIMS Rishikesh (UK) | 6,000/- |
| **3 Donor : S.Hardev Singh Saini (Nuhon), (U.S.A), Regular Donation: Rs. 1100000/-** | | | | | |
| | 27 | Simranjeet Kaur | B. Com. 1st Year | Govt. College, Rupnagar | 6,000/- |
| -do | 28 | Simranjeet Kaur | B. A. 1st year. | Govt. College, Rupnagar | 6,000/- |
| -do- | 29 | Sarbjeet Kaur | B. Pharmacy | Himachal Pharmacy College Majholi (HP) | 6,000/- |
| -do- | 30 | kiranpreet Kaur | B. Pharmacy. 4th Sem. | Himachal Pharmacy College Majholi (HP) | 6,000/- |
| -do | 31 | Taranpreet Kaur | B. Sc 3rd Sem . | MCM DAV College for Women, Chd | 8000/- |
| -do- | 32 | Arshpreet Kaur | B. Com 1st. Year | Govt. College, Rupnagar | 6,000/- |
| -do | 33 | Harsimran Kaur | Fashion Designing 1st year | Govt Home Science College, Chandigarh | 6,000/- |
| -do- | 34 | Jasvir Singh | BCA 3rd Sem. | Govt. College, Rupnagar | 6,000/- |
| **4 Donor : S. Mrs.Samvedna Kaloty & Mrs Davinder, Hoshiarpur, Casual Donation, Rs. 40000/-** | | | | | |
| | 35 | Anjali | BEd | Rayat Bahra University | 6,000/- |
| -do | 36 | Sonika | B.Ed | Ambika College of Education, Mohali | 6,000/- |
| -do- | 37 | Davinder Singh | BCA 1st Year | Govt. Post Graduate College Chd | 6,000/- |
| -do- | 38 | Tejvir Kaur | PG DCA 1st Sem. | ASBASJSM College Bela | 6,000/- |
| -do- | 39 | Poonamjeet Kaur | B.Voc Food Processing 3rd Sem. | ASBASJSM College Bela | 6,000/- |
| -do- | 40 | Harmanpreet Kaur | B A 2nd year | Govt College, Rupnagar | 5,000/- |
| -do- | 41 | Tushar Verma | BCA 3rd year | Govt College, Rupnagar | 5,000/- |

**5 Donor : S.Tekpal Singh Saini Faridabad, Regular Donation,Rs. 3.17000/- & Casual Donation 11,500**

| | Sr. No. | Student Name | Class / Course | Institute | Amount |
|---|---|---|---|---|---|
| | 42 | Prabhjot Kaur | Food Processing 6th, sem. | ASBASJSM College Bela. | 6.000/- |
| -do- | 43 | Prabhjot Kaur | GNM | Govt. GNM training School Bathinda . | 5,500/- |
| -do- | 44 | Gursimran Kaur | B. Sc. MLT | Rayat Bahra University | 6,000/- |
| -do- | 45 | Simranjeet Kaur | B.Sc Radiology | Saraswati Group of Colleges Ghanruan . | 6,000/- |
| **6 Donor :** | **Dr. Sowaran Singh PAU/ Mrs Rajinder Kaur , LDH, Regular Donation Rs. 2,50,000** | | | | |
| | 46 | Satnam Singh | B.Sc NM | Govt. College, Rupnagar | 6,000/- |
| **7 Donor :** | **S.Ujjal Singh Dosanjh, Vancouver (Canada),Regular Donation ,Rs. 150000/-** | | | | |
| | 47 | Kulwinder Kaur | BCA 4th. Sem. | ASBASJSM College Bela. | 6,000/- |
| **8 Donor :** | **Late Mrs.Rajinder Kaur ,S.A.S. Nagar,Regular Donation ,Rs. 200000/-** | | | | |
| | 48 | Amandeep Singh | M.Com 1st year | ASBASJSM College Bela. | 8,000/- |
| **9 Donor :** | **Mrs.Gurjinder Kaur,Hoshiarpur,Regular Donation,Rs. 175000/-** | | | | |
| | 49 | Amrinder Singh | B. Tech Electrical | Rayat Bahra University | 8,000/- |
| **10 Donor :** | **Sh.Lajpat Rai Saini,New Delhi-Regular Donation:-Rs. 349000/-** | | | | |
| | 50 | Taranpreet Singh | B.Sc (Hon) | SGTB Khalsa College APS | 8,000/- |
| -do- | 51 | Tajinder Singh | B.A. 2nd Year | Govt. College, Rupnagar | 8,000/- |
| **11 Donor :** | **Late Sh.L.R. Mundra ,Haveli Kalan Ropar,Regular Dona tion,Rs. 249897/-** | | | | |
| | 52 | Gauri Kakkar | B.A 3rd year | Govt. College, Rupnagar | 6,000/- |
| -do- | 53 | Jaspreet Kaur | B. Com 3rd Year | Govt. College Hoshiarpur | 8000/- |
| **12 Donor :** | **Mrs.Baldev Chaudhry, Ropar.Regular Donation Rs. 2,10,000/-** | | | | |
| | 54 | Jaskiran Kaur | B. A 2nd Year | Govt College, Rupnagar | 5,000/- |
| -do- | 55 | Rajveer Kaur | B.C.A 6th Sem. | Rayat Institute of Management, Railmajra | 5,000/- |
| **13 Donor :** | **Dr. Rajwant Singh,S.A.S.Nagar,Regular Donation ,Rs.200000/-** | | | | |
| 56 | Daljeet Kaur | B.sc 3rd year | | Govt. College, Rupnagar | 5,000/- |
| -do- | 57 | Manpreet Kaur | B.Sc 2nd year | Govt. College, Rupnagar | 5,000/- |
| **14 Donor :** | **Smt.Ranjit Kaur U.S.A,Regular Donation,Rs. 1,07000/-** | | | | |
| | 58 | Avninder Kaur | GNM 2nd Year | Govt. Institute of Nursing, Rupnagar | 5000/- |
| **15 Donor :** | **Sh. Charan Singh Saini, S.A.S.Nagar, Regular Donation ,Rs. 103000/-** | | | | |
| | 59 | Jasmine Rana | B.Sc (Hon) Agri. | SGTB Khalsa College, APS | 5,000/- |
| **16 Donor :** | **S.Gurmeet Singh Jatana, Chandigarh,Regular Donation Rs. 100000/-** | | | | |
| | 60 | Manpreet Kaur | B.A. Final | Govt,.College, Rupnagar | 5,000/- |
| **17 Donor :** | **Dr.Jaswant Kaur Saini, Rupnagar,Regular Donation ,Rs. 100000/-** | | | | |
| | 61 | Parvinder Kaur | B.A. 3rd year | Govt,.College, Rupnagar | 5,000/- |
| **18 Donor :** | **Flt. Lt. (Hon) Tarlochan Singh (Retd.) Mohali , Regular Donation ,Rs. 50000/-** | | | | |
| | 62 | Amandeep Kumar | Class +2 | DAV Sr. Sec. School, Rupnagar | 4,000/- |
| **19 Donor :** | **S.Gurmukh Singh Saini,M.C.Ropar,Regular Donation,Rs. 2,02000/-** | | | | |
| | 63 | Rinki Kumari | BA 2nd Year | Govt. College Rupnagar | 4,000/- |
| -do- | 64 | Nisha M.Com | Punjabi Uni, Patiala 4,000/- | | |
| **20 Donor :** | **Sh. Sarvjeet Singh,U.S.A.Casual Donor Rs. 12000/-** | | | | |
| | 65 | Gurpreet Singh | Classs +2, Handicapped | ParkashMemorial Deaf & Dumb School, Rupnagar | 4,000/- |
| -do- | 66 | Lovepreet Singh | Classs 10th, Handicapped | -do- | 4,000/- |
| -do- | 67 | Sukhwinder Singh | Classs 10th,Handicapped | -do- | 4,000/- |

| | Sr. No. | Student Name | Class / Course | Institute | Amount |
|---|---|---|---|---|---|
| **21 Donor :** | **Late. Sh.B.R. Tumbar, Regular Donation, Rs. 146200/ -** | | | | |
| | 68 | Karanveer Singh | B. C, A 1st Year | Govt. College, Rupnagar | 6000/ |
| **22 Donor :** | **S.Avtar Singh Longia Ropar, Casual Donor Rs. 6000/-** | | | | |
| | 69 | Gurpreet Singh | Diploma in Plastic Eng. | Central Institute of Plastic Engg. & Tech ASR | 6000/- |
| **23 Donor :** | **Mrs.Kirpal Kaur, Ropar, Casual Donor Rs.6000/ -** | | | | |
| | 70 | Gagandeep Kaur | B. C. A 3rd year | GGS College for Women, CHD | 6000/- |
| **24 Donor :** | **Sh.Amit Saini, Rupnagar, Casual Donor,Rs. 6000/-** | | | | |
| | 71 | Sandeep Kaur | B.Sc. Community Science | Community Science College PAU LDH | 6000/- |
| **25 Donor :** | **Smt.Harbans Kaur BHOPAL Regular Donation 93500/- & S. Gurinder Singh Toni, Rupnagar Regular Donor 50000/** | | | | |
| | 72 | Manpreet Kaur | BCA 3rd year | ASBASJSM College Bela | 6000/- |
| **26 Donor :** | **S.Rajinder Singh Nanua, Rupnagar.Casual Donor Rs. 6000/ -** | | | | |
| | 73 | Jaspreet Singh | B.C.A 3rd Year | ASBASJSM College Bela | 6000/- |
| **27 Donor :** | **S.Amrik Singh (Retd.) XEN, Rupnagar, Casual Donor Rs. 6000/-** | | | | |
| | 74 | Tejpreet Kaur | B.CA 3rd year | Govt. college , Rupnagar | 6000/- |
| **28 Donor :** | **S.Gursharan Singh, Rupnagar, Casual Donor Rs. 12,000/-** | | | | |
| | 75 | Chandan Saini | MBBS 2nd year | Govt. Medical College Patiala | 12,000/- |
| **29 Donor :** | **Smt. Chander Kanta Saini., Rupnagar,Casula Donor Rs. 10,000/-** | | | | |
| | 76 | Simranjit Kaur | GNM 1st Year | Govt. Institute of Nursing , Rupnagar | 5,000/- |
| -do - | 77 | Principal Singh | B.Com 1st year | Govt. College, Nalagarh | 5,000/- |
| **30 Donor :** | **Sh Tarsem Saini, Patiala,Casual Donor Rs. 10.000/-** | | | | |
| | 78 | Kulwinder Kaur | B. com. 3rd Sem | Govt. College, Rupnagar | 5,000/- |
| -do - | 79 | Diya Saini | B. Com 4th Sem | CGC Landran | 5000/- |
| **31 Donor :** | **S. Sukhpal Singh, Vill. Khanpur (CKS),Casual Donation Rs. 10000/-** | | | | |
| | 80 | Harmanpreet Kaur | B.Sc. Bio Tech. 1st year | ASBASJSM College Bela | 5,000/- |
| -do - | 81 | Arshpreet Singh | B. Com. 3rd year | ASBASJSM College Bela | 5,000/- |
| **32 Donor :** | **Smt. Damyanti Saini Bhopal (M.P),Casual Donor Rs. 10,000/-** | | | | |
| | 82 | Gurneet Kaur | B. Com 1st year | Govt College Rupnagar | 5,000/- |
| -do - | 83 | Pawanpreet Kaur | B. Com 2nd Year | Govt College Rupnagar | 5,000/- |
| **33 Donor :** | **S. Rajwinder Singh , Rupnagar,Casual Donor Rs. 10,000/-** | | | | |
| | 84 | Ramanpreet Kaur | B. Sc 3rd year | Govt College Rupnagar | 5,000/ |
| -do - | 85 | Pajmeet Kaur | B. Sc. 3rd year | -do- | 5,000/- |
| **34 Donor :** | **Late S. Bhag Singh Saini,Greater NOIDA (U.P),Casual Donor Rs. 10,000/-** | | | | |
| 86 | | Supreet Kaur | B.Com Final | Govt. College , Mohali | 5,000/- |
| -do - | 87 | Jasleen Kaur | B.Sc. 2nd year | A.S.B.A.S.J.S M. college Bela | 5,000/- |
| **35 Donor :** | **Sh.Baldev Singh Saini, Bhopal (M.P). ,Casula Donor Rs. 10,000/-** | | | | |
| | 88 | Simranjeet Kaur | B.Sc. 2nd year | A.S.B.A.S.J.S Memorial college Bela | 5,000/- |
| -do - | 89 | Gursimran Kaur | Physiotherapy | SGGS World Uni. Fatehgarh Sahib | 5,000/- |
| **36 Donor :** | **Sqn.Ldr.Manjit Singh Pabla, Chandigarh., Casual Donor Rs. 6500/-** | | | | |
| | 90 | Shailza Kaur | B.Sc. 1st year | SGTB Khalsa College APS | 6500/- |
| **37 Donor :** | **S.Hardev Singh Saini (U.S.A.)** | | | | |
| | 91 | Gurpreet Kaur | B. Com. 1st year | Govt College, Rupnagar | 5,000/- |



**NEW FIVE YEAR MEMBERS OF "SAINI SANSAR"**

Jagdev Singh
Saini Bhawan, Rupnagar

Continued from page 12 of 42th Issue

944. **S. Manmohan Singh**
Gillco Valley, Ropar
945. **S. Kuldip Singh Goalia**
#59, Ranjit Avenue, Ropar
946. **S. Surinder Singh**
Vill. Nanakpura, Distt. Ropar
947. **S. Jagtar Singh**
Vill. Parhi, P.O. Mianpur, Distt. Ropar
948. **S. Jagtar Singh**
# 89, Beant Singh Aman Nagar, Ropar
949. **Sh. Jaga Ram**
Vill. Kishanpura, PO Guru Majra, Ropar
950. **S. Amarjit Singh**
# 1081, Lander AVe, Torlic CA 95380
951. **S. Hazura Singh Girn**
Kirti Vihar, Ropar
952. **S. Tara Singh Saini**
Sukhrampur Tapprian, Distt. Ropar
953. **Daljit Singh**
Jagjit Nagar, Ropar
954. **S. Varinder Singh**
Sukhrampur Tapprian, Distt. Ropar
955. **S. Sukhpal Singh**
Vill. Khanpur, PO Hafizabad, Ropar
956. **Smt. Jaswinder Kaur MC**
2925/26, Gurbax Colony, Ropar
957. **S. Balwinder Singh**
# 1940B/17, Preet Colony, Ropar
958. **S. Tarinder Singh**
Flat No. 6-V, Square Resi Plot, Ropar
959. **Smt. Davinder Kaur Kaloty**
Gali 5, Guru Nanak Academy, Hoshiarpur
960. **Prof. Parminder Singh**
# 327, SAS Nagar, Mohali
961. **S. Parminder Singh**
Model Town, Kalam Road, Nawanshahr

## New Life Members of Saini Bhawan

1. **S. Kamaldeep Singh** S/o Dr. Sukhdev Singh(Rtd Chief Agr. Officer), M/s J.K.Marriage Palace , Balachore, Distt. S.B.S. Nagar



2. **S. Amarjit Singh Saini** S/o S. Rattan Singh, # 1081, Lander Ave. Torlock, CA (USA), 953800



❊ ❊ ❊ ❊ ❊

## Donors (Oct.-Dec. 2021)

**For Kaka Ram Saini Charitable Trust**

1. **S. Amarjit Singh Saini** , # Giani Zail Singh Nagar Ropar M/s St. Carmel School Katli Distt. Ropar ------------ **Rs. 21000/-**
2. **S. Amarjit Singh Saini** S/o S. Rattan Singh, # 1081, Lander Ave. Torlock, CA (USA), 953800 --------------- **Rs. 20000/-**
3. **Mrs Surrinder Kaur** w/o Late Dr. Malkiat Singh Mehatpuri , # 266, G.Z.S. Nagar , Now Sydney Australia in memory of her husband --------------- **Rs. 15000/-**
4. **S. Gurpal Singh** S/o S. Dalip Singh Vill. Sukhrampur Tapprian, Ropar on occassion of his daughter's marriage---- **Rs. 10000/-**

**For Saini Charitable Education Trust**

1. S. Gurmukh Singh Saini X-M.C # 28, S.B.S. Nagar Ropar------- **Rs. 50000/**
2. S. Sukhpal Singh S/o S. Inderjit Singh Vil. Khanpur Distt. Ropar----- **Rs. 6000/**

The administrative committee members of Saini Bhawan Ropar are thankful to these donors.

ਮਾਣਮੱਤੀ ਸੈਣੀ ਸਖਸ਼ੀਅਤ

## ਸ਼੍ਰੀ ਸੁਰਿੰਦਰ ਸੈਣੀ

ਡਾਇਰੈਕਟਰ ਨਹਿਰੂ ਯੁਵਾ ਕੇਂਦਰ ਸੰਗਠਨ, ਭਾਰਤ ਸਰਕਾਰ

ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਨੇ ਅਜਿਹੀਆਂ ਸਖਸ਼ੀਅਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਮਨੁੱਖੀ ਸਮਾਜ ਨੂੰ ਅਮੁੱਲ ਦੇਣ ਹੈ। ਇਨ੍ਹਾਂ ਨੇ ਦੇਸ਼ ਦੇ ਸਰਬਪੱਖੀ ਵਿਕਾਸ ਵਿੱਚ ਵਰਣਨਯੋਗ ਹਿੱਸਾ ਪਾਇਆ ਹੈ। ਰੱਖਿਆ, ਖੇਡਾਂ, ਸਿੱਖਿਆ, ਸਿਹਤ ਸੇਵਾਵਾਂ, ਵਿਗਿਆਨ ਤੇ ਟੈਕਨਾਲੌਜੀ ਅਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਸੈਣੀ ਬਰਾਦਰੀ ਦੇ ਸੈਂਕੜੇ ਵਿਅਕਤੀ ਆਪਣੀ ਮਿਹਨਤ, ਇਮਾਨਦਾਰੀ, ਸੂਝ ਤੇ ਹਿੰਮਤ ਨਾਲ ਨਾਮਣਾ ਖੱਟ ਰਹੇ ਹਨ। ਇਨ੍ਹਾਂ ਵਿੱਚੋਂ ਵਿਸ਼ੇਸ਼ ਹਨ-ਸ਼੍ਰੀ ਸੁਰਿੰਦਰ ਸੈਣੀ ਜੋ ਕਿ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਜੰਮੂ ਕਸ਼ਮੀਰ ਕੇਂਦਰ ਵਿੱਚ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਹਨ। ਇਹ ਵਿਭਾਗ 1972 ਵਿੱਚ ਨਹਿਰੂ ਯੁਵਾ ਕੇਂਦਰ ਦੇ ਨਾਮ ਨਾਲ ਸਥਾਪਿਤ ਹੋਇਆ ਜਿਸ ਦਾ ਮੁੱਖ ਉਦੇਸ਼ ਪੇਂਡੂ ਨੌਜਵਾਨਾਂ ਵਿੱਚ ਰਾਸ਼ਟਰੀ ਭਾਵਨਾ ਪੈਦਾ ਕਰਨੀ ਅਤੇ ਉਨ੍ਹਾਂ ਵਿੱਚ ਭਿੰਨ ਭਿੰਨ ਕਲਾਵਾਂ ਨੂੰ ਉਜਾਗਰ ਕਰਨਾ ਹੈ। ਇਹ ਵਿਭਾਗ 1987 ਵਿੱਚ ਨਹਿਰੂ ਯੁਵਕ ਕੇਂਦਰ ਸੰਸਥਾਨ ਬਣ ਗਿਆ ਜੋ ਇਸ ਸਮੇਂ ਵਿਸ਼ਵ ਦੀ ਸਭ ਤੋਂ ਵੱਡੀ ਯੁਵਕ ਸੰਸਥਾ ਹੈ। ਸੁਰਿੰਦਰ ਸੈਣੀ ਇਸ ਵਿਭਾਗ ਦੇ ਅਜਿਹੇ ਅਧਿਕਾਰੀਆਂ ਵਿੱਚ ਸ਼ਾਮਲ ਹਨ ਜਿਨ੍ਹਾਂ ਨੇ ਹਰ ਪੱਧਰ 'ਤੇ ਆਪਣੀ ਪਦਵੀ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਮਾਣ ਖੱਟਿਆ ਹੈ।

ਸ਼੍ਰੀ ਸੁਰਿੰਦਰ ਸੈਣੀ ਦਾ ਜਨਮ 15 ਮਾਰਚ, 1963 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਰਾਜਪੁਰ ਭਾਈਆਂ ਵਿਖੇ ਸ਼੍ਰੀ ਗੋਪਾਲ ਕ੍ਰਿਸ਼ਨ ਸੈਣੀ ਦੇ ਸਾਧਾਰਨ ਕਿਸਾਨੀ ਤੰਬੜ ਪਰਿਵਾਰ ਵਿੱਚ ਹੋਇਆ। ਦਿਆਨਤਦਾਰੀ ਅਤੇ ਸੁਹਿਰਦਤਾ ਦੀ ਗੁੜ੍ਹਤੀ ਆਪ ਨੂੰ ਨੈਸ਼ਨਲ ਐਵਾਰਡੀ ਅਧਿਆਪਕ ਪਿਤਾ ਜੀ ਤੋਂ ਹੀ ਪ੍ਰਾਪਤ ਹੋ ਗਈ। ਆਪ ਦੇ ਬਾਬਾ ਜੀ ਵੀ ਸਿੱਖਿਆ ਖੇਤਰ ਨਾਲ ਹੀ ਜੁੜੇ ਹੋਏ ਸਨ। ਆਪ ਨੇ ਸੈਣੀ ਬਰਾਦਰੀ ਦਾ ਮਾਣ ਕਰਦਿਆਂ ਮੈਟ੍ਰਿਕ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਕਰਨ ਦੀ ਬਜਾਏ ਨਜ਼ਦੀਕੀ ਪਿੰਡ ਮੁੱਖਲਿਆਣਾ ਦੇ ਸੈਣੀ ਬਾਰ ਹਾਈ ਸਕੂਲ ਤੋਂ ਪਾਸ ਕੀਤੀ। ਇਸ ਉਪਰੰਤ ਆਪ ਨੇ ਡੀ.ਏ.ਵੀ ਕਾਲਜ ਹੁਸ਼ਿਆਰਪੁਰ ਤੋਂ ਬੀ.ਏ ਅਤੇ ਪੰਜਾਬੀ ਵਿਸ਼ੇ ਵਿੱਚ ਐਮ.ਏ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਆਪ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਸ਼ੇਸ਼ ਦਿਲਚਸਪੀ ਰਖਦੇ ਸਨ। ਆਪ ਦੀ ਕਪਤਾਨੀ ਅਧੀਨ ਕਾਲਜ ਦੀ ਭੰਗੜਾ ਟੀਮ ਨੇ 1979 ਤੋਂ 1981 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੁਕਾਬਲਿਆਂ ਵਿੱਚ ਸੋਨ ਤਮਗੇ ਹਾਸਲ ਕੀਤੇ। ਆਪ ਨੇ ਕਾਲਜ ਦੀ ਕਬੱਡੀ ਟੀਮ ਦੀ ਕਪਤਾਨੀ ਕਰਦਿਆਂ ਇਸ ਨੂੰ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਦਿਵਾਇਆ। ਇਨ੍ਹਾਂ ਸੱਭਿਆਚਾਰਕ ਅਤੇ ਖੇਡ ਪ੍ਰਾਪਤੀਆਂ ਕਾਰਨ ਹੀ ਆਪ ਨੂੰ ਯੂਨੀਵਰਸਿਟੀ ਦਾ ਕਲਰ ਹੋਲਡਰ ਹੋਣ ਦਾ ਮਾਣ ਮਿਲਿਆ। ਆਪ ਨੇ ਸਰਕਾਰੀ ਸਰੀਰਕ ਸਿੱਖਿਆ ਕਾਲਜ ਪਟਿਆਲਾ ਤੋਂ ਡੀ.ਪੀ.ਐਡ ਦੀ ਡਿਗਰੀ ਵੀ ਹਾਸਲ ਕੀਤੀ। ਇਸ ਕਾਲਜ ਵਿੱਚ ਵੀ ਆਪ ਨੇ ਫੁੱਟਬਾਲ ਟੀਮ ਦੀ ਅਗਵਾਈ ਕਰ ਕੇ ਪੰਜਾਬੀ ਯੂਨੀਵਰਸਿਟੀ ਦਾ ਸੋਨ ਤਮਗਾ ਹਾਸਲ ਕੀਤਾ। ਸੁਰਿੰਦਰ ਸੈਣੀ ਨੇ ਦਿੱਲੀ ਵਿਖੇ 1982 ਵਿੱਚ ਹੋਈਆਂ ਏਸ਼ੀਅਨ ਖੇਡਾਂ ਸਮੇਂ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਹੋਏ ਉਦਘਾਟਨੀ ਸਮਾਰੋਹ ਵਿੱਚ ਭੰਗੜੇ ਦੀ ਟੀਮ ਵਿੱਚ ਭਾਗ ਲੈ ਕੇ ਪੰਜਾਬ ਤੇ ਬਰਾਦਰੀ ਦਾ ਨਾਮ ਰੌਸ਼ਨ ਕੀਤਾ। ਆਪ ਨੇ ਦੋ ਵਾਰ ਮਨਾਲੀ ਵਿਖੇ ਆਯੋਜਿਤ ਸਾਲਾਨਾ ਆਲ ਇੰਡੀਆ ਵਿੰਟਰ ਕਾਰਨੀਵਾਲ ਸਮੇਂ ਭੰਗੜੇ ਦੀ ਟੀਮ ਵਿੱਚ ਸ਼ਾਮਲ ਹੋ ਕੇ ਆਪਣੀ ਪ੍ਰਤਿਭਾ ਅਤੇ ਲਿਆਕਤ ਦਾ ਮੁਜ਼ਾਹਰਾ ਕੀਤਾ ਅਤੇ ਆਪਣੀ ਟੀਮ ਸਿਰ ਜਿੱਤ ਦਾ ਸਿਹਰਾ ਬੰਨ੍ਹਿਆ।



ਆਪਣੀ ਵਿਲੱਖਣ ਯੋਗਤਾ ਸਦਕਾ ਸ਼੍ਰੀ ਸੈਣੀ 1988 ਵਿੱਚ ਭਾਰਤ ਸਰਕਾਰ ਦੇ ਇਸ ਯੁਵਕ ਵਿਭਾਗ ਵਿੱਚ ਜਿਲ੍ਹਾ ਯੂਥ ਕੋਆਰਡੀਨੇਟਰ ਚੁਣੇ ਗਏ ਅਤੇ ਗੋਰਖਪੁਰ(ਯੂ.ਪੀ) ਵਿਖੇ ਤਾਇਨਾਤ ਕੀਤੇ ਗਏ। ਇੱਕ ਸਾਲ ਤੋਂ ਬਾਅਦ ਹੀ ਆਪ ਰਾਜਿਸਥਾਨ ਦੇ ਜ਼ਿਲ੍ਹਾ ਅਜਮੇਰ ਵਿਖੇ ਤਬਦੀਲ ਕਰ ਦਿੱਤੇ ਗਏ ਜਿੱਥੇ ਤਿੰਨ ਸਾਲ ਤੋਂ ਵੱਧ ਸਮਾਂ ਸ਼ਾਨਦਾਰ ਸੇਵਾਵਾਂ ਨਿਭਾਈਆਂ। ਆਪ ਨੇ ਆਪਣੀ ਸੁਯੋਗਤਾ ਤੇ ਉਤਸ਼ਾਹ ਨਾਲ ਪਿੰਡਾਂ ਵਿੱਚ ਯੂਥ ਕਲੱਬ ਸਥਾਪਿਤ ਕੀਤੇ ਅਤੇ ਇਨ੍ਹਾਂ ਨੂੰ ਪ੍ਰਾਂਤਿਕ ਤੇ ਰਾਸ਼ਟਰੀ ਪੱਧਰ ਤੱਕ ਇਨਾਮ ਲੈਣ ਦੇ ਯੋਗ ਬਣਾਇਆ। ਕਰੀਬ ਤਿੰਨ ਸਾਲ ਤੋਂ ਬਾਅਦ ਆਪ ਦੀ ਬਦਲੀ ਹਰਿਆਣਾ ਸੂਬੇ ਦੇ ਜ਼ਿਲ੍ਹਾ ਸਿਰਸਾ ਵਿੱਚ ਹੋ ਗਈ। ਆਪ ਇਰਾਦੇ ਦੇ ਪੱਕੇ ਅਤੇ ਸਵੈਮਾਨੀ ਹਨ। ਆਪ ਨੇ ਇੱਕ ਸਿਰਸਾ ਜ਼ਿਲ੍ਹੇ ਦੇ ਇੱਕ ਯੂਥ ਕਲੱਬ ਨੂੰ ਬਿਹਤਰ ਜਾਣਦਿਆਂ ਉਸ ਦਾ ਨਾਮ ਜ਼ਿਲ੍ਹੇ ਵਿੱਚ ਇਨਾਮ ਦੇਣ ਲਈ ਸਿਫਾਰਿਸ਼ ਕਰ ਦਿੱਤਾ। ਸੂਬੇ ਦੇ ਖੇਡ ਮੰਤਰੀ ਨੇ ਇਹ ਨਾਮ ਬਦਲੇ ਕੇ ਕਿਸੇ ਹੋਰ ਕਲੱਬ ਨੂੰ ਪਹਿਲੇ ਸਥਾਨ 'ਤੇ ਰੱਖਣ ਲਈ ਜ਼ੋਰ ਪਾਇਆ। ਪਰ ਸੈਣੀ ਸਾਹਿਬ ਆਪਣੇ ਅਹੁਦੇ ਦੀ ਮਰਯਾਦਾ ਨੂੰ ਕਾਇਮ ਰਖਦਿਆਂ ਇਹ ਤਬਦੀਲੀ ਕਰਨ ਲਈ ਤਿਆਰ ਨਾ ਹੋਏ। ਇਸ ਕਾਰਨ ਆਪ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਨਾਲ ਹੀ ਬਦਲ ਕੇ

ਸਜ਼ਾ ਵਜੋਂ ਜੰਮੂ ਕਸ਼ਮੀਰ ਦੇ ਸੀਮਾਵਰਤੀ ਜ਼ਿਲ੍ਹੇ ਰਾਜੌਰੀ ਪੁੰਛ ਵਿਖੇ ਬਦਲ ਦਿੱਤਾ ਗਿਆ। ਬਾਅਦ ਵਿੱਚ ਇਸ ਕਲੱਬ ਨੂੰ ਹੀ ਸੂਬਾ ਪੱਧਰੀ ਇਨਾਮ ਪ੍ਰਾਪਤ ਹੋਇਆ। ਆਪ ਦੋ ਸਾਲ ਇਸ ਜ਼ਿਲ੍ਹੇ ਵਿੱਚ ਰਹੇ ਜਿਸ ਦੌਰਾਨ ਇਸ ਗੜਬੜ ਵਾਲੇ ਪਛੜੇ ਜਿਲ੍ਹੇ ਦੇ ਯੁਵਾ ਕਲੱਬਾਂ ਨੂੰ ਆਪਣੀ ਮਿਹਨਤ ਤੇ ਲਗਨ ਸਦਕਾ ਇੰਨਾਂ ਕਾਰਜਸ਼ੀਲ ਕਰ ਦਿੱਤਾ ਕਿ ਇਨ੍ਹਾਂ ਨੂੰ ਦੋ ਰਾਜ ਪੁਰਸਕਾਰ ਅਤੇ ਦੋ ਰਾਸ਼ਟਰੀ ਪੁਰਸਕਾਰ ਹਾਸਲ ਹੋਏ। ਇਸ ਉਪਰੰਤ ਆਪ ਨੂੰ ਹਿਮਾਚਲ ਸੂਬੇ ਦੇ ਊਨਾ ਜ਼ਿਲ੍ਹੇ ਵਿੱਚ ਕੋਆਰਡੀਨੇਟਰ ਨਿਯੁਕਤ ਕਰ ਦਿੱਤਾ ਗਿਆ। ਇੱਥੇ ਆਪ ਸਾਢੇ ਨੌ ਸਾਲ ਰਹੇ ਜਿਸ ਦੌਰਾਨ ਯੁਵਕ ਕਲੱਬਾਂ ਨੂੰ ਅੱਠ ਰਾਜ ਪੱਧਰੀ ਅਤੇ ਇੱਕ ਰਾਸ਼ਟਰੀ ਪੁਰਸਕਾਰ ਹਾਸਲ ਕਰਨ ਵਿੱਚ ਕਾਮਯਾਬ ਬਣਾਇਆ। 10 ਜੁਲਾਈ, 2006 ਨੂੰ ਆਪ ਦੀ ਬਦਲੀ ਰੋਪੜ ਜ਼ਿਲ੍ਹੇ ਵਿੱਚ ਹੋ ਗਈ। ਇਸ ਦੇ ਨਾਲ ਹੀ ਚਾਰ ਹੋਰ ਜ਼ਿਲ੍ਹਿਆਂ ਦਾ ਵਾਧੂ ਭਾਰ ਵੀ ਆਪ ਨੂੰ ਹੀ ਸੌਂਪ ਦਿੱਤਾ ਗਿਆ। ਇੱਥੇ ਆਪ ਨੇ ਪਿੰਡ ਪਿੰਡ ਵਿੱਚ ਜਾ ਕੇ ਯੂਥ ਕਲੱਬਾਂ ਤਿਆਰ ਕੀਤੀਆਂ ਅਤੇ ਉਨ੍ਹਾਂ ਨੂੰ ਨਸ਼ਾ ਸੇਵਨ ਅਤੇ ਭਰੂਣਹੱਤਿਆ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਕਾਰਜਸ਼ੀਲ ਹੋਣ ਲਈ ਪ੍ਰੇਰਿਆ ਅਤੇ ਅਗਵਾਈ ਦਿੱਤੀ। ਇਸ ਦੇ ਨਾਲ ਹੀ ਰਾਸ਼ਟਰੀ ਏਕਤਾ ਦਾ ਪ੍ਰਚਾਰ ਕਰਨ ਲਈ ਪੰਜ ਕੈਂਪ ਲਗਾ ਕੇ ਜ਼ੋਰਦਾਰ ਮੁਹਿੰਮ ਚਲਾਈ। ਇਸ ਕੰਮ ਲਈ 300 ਪਿੰਡਾਂ ਵਿੱਚ ਕਲੱਬਾਂ ਦੇ ਸਹਿਯੋਗ ਨਾਲ ਨਾਟਕ ਖੇਡੇ ਗਏ। ਨੌਜਵਾਨਾਂ ਵਿੱਚ ਸਮਾਜ ਸੇਵਾ ਦੀ ਭਾਵਨਾ ਨੂੰ ਪੈਦਾ ਕਰਨ ਲਈ ਪਿੰਡਾਂ ਵਿੱਚ ਖੂਨਦਾਨ ਕੈਂਪ ਲਗਾਏ। ਆਪ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਚੋਣ ਕਮਿਸ਼ਨ ਨੇ ਆਪ ਨੂੰ ਲੋਕਾਂ ਵਿੱਚ ਵੋਟ ਪ੍ਰਤਿ ਚੇਤਨਤਾ ਉਤਪਨ ਕਰਨ ਦੀ ਜ਼ਿੰਮੇਵਾਰੀ ਸੌਂਪੀ ਜੋ ਆਪ ਨੇ ਪੂਰੀ ਤਨਦੇਹੀ ਅਤੇ ਸਫਲਤਾ ਨਾਲ ਨਿਭਾਈ। ਇਸ ਸਦਕਾ ਪੰਜਾਬ ਚੋਣ ਕਮਿਸ਼ਨ ਨੇ ਆਪ ਨੂੰ ਰਾਜ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਹ ਹੀ ਕਾਰਨ ਸੀ ਕਿ ਜ਼ਿਲ੍ਹੇ ਵਿੱਚ ਨੌਜਵਾਨਾਂ ਦੀ ਕੋਈ ਵੀ ਗਤੀਵਿਧੀ ਆਪ ਦੀ ਸ਼ਮੂਲੀਅਤ ਬਿਨਾਂ ਨੇਪਰੇ ਨਹੀਂ ਚੜ੍ਹਦੀ ਸੀ। ਜ਼ਿਲ੍ਹੇ ਦੇ ਹਰ ਡਿਪਟੀ ਕਮਿਸ਼ਨਰ ਨੇ ਆਪ ਦੀ ਲਿਆਕਤ ਤੇ ਸਮਰਥਾ ਦੀ ਕਦਰ ਕਰਦਿਆਂ ਸਨਮਾਨਿਤ ਕੀਤਾ। ਆਪ ਦੀ ਲਗਨ ਸਦਕਾ ਰੋਪੜ ਦਾ ਨਹਿਰੂ ਯੁਵਾ ਕੇਂਦਰ ਲੋਕਾਂ ਵਿੱਚ ਹਰਮਨਪਿਆਰਾ ਹੋ ਗਿਆ। ਆਪ ਨੇ ਆਪਣੀ ਦੀਰਘ ਦ੍ਰਿਸ਼ਟੀ ਨਾਲ ਯੂਥ ਕਿਰਿਆਵਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਰੋਪੜ ਦੇ ਚਾਰ ਨੌਜਵਾਨਾਂ ਨੂੰ ਰਾਸ਼ਟਰਪਤੀ ਯੂਥ ਐਵਾਰਡ ਨਾਲ ਸਨਮਾਨਿਤ ਕਰਵਾਇਆ। ਆਪ ਵਲੋਂ ਸਿਖਲਾਈ ਪ੍ਰਾਪਤ ਨਾਟਕ ਕਲਾਕਾਰਾਂ ਨੇ ਰੋਪੜ ਦੀਆਂ ਕਈ ਸਮਾਜਸੇਵੀ ਸੰਸਥਾਵਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਆਪ ਨੇ ਪੰਜਾਬ ਦੇ ਜ਼ਿਲ੍ਹਾ ਯੂਥ ਕਲੱਬਾਂ ਦੇ ਤਿੰਨ ਸੂਬਾ ਪੱਧਰੀ ਭੰਗੜਾ ਮੁਕਾਬਲੇ ਵੀ ਕਰਵਾਏ। ਸੁਰਿੰਦਰ ਸੈਣੀ ਨੇ ਵਿਰਾਨ ਪਏ ਅਤੇ ਘਾਟੇ ਵਿੱਚ ਜਾ ਰਹੇ ਯੂਥ ਹੋਸਟਲ ਦੀ ਪੂਰੀ ਤਨਦੇਹੀ ਨਾਲ ਸਾਂਭ-ਸੰਭਾਲ ਕਰਕੇ ਇਸ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾ ਕੇ ਕਾਰਜਸ਼ੀਲ ਕੀਤਾ ਅਤੇ ਵਿਭਾਗ ਲਈ ਆਮਦਨ ਦਾ ਸਾਧਨ ਬਣਾਇਆ।

ਸੁਰਿੰਦਰ ਸੈਣੀ ਜੀ 2019 ਵਿੱਚ ਤਰੱਕੀ ਕਰ ਕੇ ਪੰਜਾਬ ਅਤੇ ਚੰਡੀਗੜ੍ਹ ਦੇ ਡਿਪਟੀ ਡਾਇਰੈਕਟਰ ਬਣ ਗਏ। ਇਹ ਭਾਵੇਂ ਸਰਕਾਰ ਨੇ ਉਨ੍ਹਾਂ ਦੇ ਕੰਮ ਦਾ ਠੀਕ ਮੁੱਲ ਪਾਇਆ ਗਿਆ ਸੀ ਪਰ ਰੋਪੜ ਜ਼ਿਲ੍ਹੇ ਦੇ ਨੌਜਵਾਨਾਂ ਨੇ ਇਸ ਨੂੰ ਆਪਣਾ ਨੁਕਸਾਨ ਸਮਝ ਕੇ ਨਾਖੁਸ਼ੀ ਮਹਿਸੂਸ ਕੀਤੀ। ਇਸ ਰਾਜ ਪੱਧਰੀ ਪਦਵੀ 'ਤੇ ਕੰਮ ਕਰਦਿਆਂ ਆਪ ਨੇ 2019 ਵਿੱਚ ਬਰਾਜ਼ੀਲ ਵਿੱਚ ਹੋਏ ਪੰਜ ਦੇਸ਼ਾਂ(ਬਰਿਕਸ) ਦੇ ਅੰਤਰਰਾਸ਼ਟਰੀ ਯੁਵਕ ਸੰਮੇਲਨ ਵਿੱਚ ਦੇਸ਼ ਦੇ 12 ਨੌਜਵਾਨਾਂ ਨਾਲ ਭਾਰਤ ਦੀ ਪ੍ਰਤਿਨਿਧਤਾ ਕੀਤੀ। ਆਪ 1 ਮਈ, 2021 ਨੂੰ ਡਾਇਰੈਕਟਰ ਵਜੋਂ ਪਰਮੋਟ ਹੋ ਕੇ ਇਸ ਸਮੇਂ ਜੰਮੂ ਕਸ਼ਮੀਰ ਅਤੇ ਲਦਾਖ ਵਿੱਚ ਸ਼ਲਾਘਾਯੋਗ ਸੇਵਾਵਾਂ ਨਿਭਾ ਰਹੇ ਹਨ। ਚੰਗੀ ਗੱਲ ਇਹ ਹੈ ਕਿ ਆਪ ਨੇ ਰੋਪੜ ਸ਼ਹਿਰ ਨੂੰ ਰਹਿਣਯੋਗ ਸਮਝ ਕੇ ਇੱਥੇ ਹੀ ਆਪਣਾ ਰੈਣ ਬਸੇਰਾ ਬਣਾ ਲਿਆ ਹੈ। ਆਪ ਦਾ ਇੱਕ ਹੀ ਬੇਟਾ ਹੈ ਜੋ ਉੱਚ-ਸਿੱਖਿਆ ਹਾਸਲ ਕਰ ਕੇ ਬਾਹਰਲੇ ਦੇਸ਼ ਵਿੱਚ ਨਾਮਣਾ ਖੱਟ ਰਿਹਾ ਹੈ। ਆਪ ਦੀ ਪਤਨੀ ਆਪ ਦੀ ਹਰ ਸਫਲਤਾ ਵਿੱਚ ਸ਼ਰੀਕ ਹੁੰਦੀ ਹੈ ਜਿਸ ਦੇ ਸਾਥ ਨਾਲ ਉਹ ਸੁਖਦ ਤੇ ਭਰਪੂਰ ਜ਼ਿੰਦਗੀ ਜੀਅ ਰਹੇ ਹਨ। ਇੰਨੀ ਸ਼ੋਹਰਤ ਤੇ ਸਫਲਤਾ ਦੇ ਬਾਵਜੂਦ ਸੈਣੀ ਸਾਹਿਬ ਨਿਮਰਤਾ, ਸਾਦਗੀ ਤੇ ਮਿੱਠੇ ਬੋਲਾਂ ਦੇ ਪੁੰਜ ਹਨ। ਸੈਣੀ ਬਰਾਦਰੀ ਨੂੰ ਅਜਿਹੀ ਚੁੰਬਕੀ ਸਖਸ਼ੀਅਤ 'ਤੇ ਅੰਤਾਂ ਦਾ ਮਾਣ ਹੈ। ਸੈਣੀ ਭਵਨ ਰੋਪੜ ਦੇ ਪ੍ਰਬੰਧਕ ਆਪ ਦੀ ਬੁਲੰਦੀ ਤੇ ਨਿਰੋਗ ਸਿਹਤ ਲਈ ਅਰਦਾਸ ਕਰਦੇ ਹਨ।

## ਖਤਰੋਂ ਕਾ ਖਿਲਾੜੀ

ਕਹਿੰਦੇ ਹਨ ਉਮਰ ਤਾਂ ਅੰਕਾਂ ਦੀ ਖੇਡ ਹੈ, ਮਨੁੱਖ ਦੀ ਹਿੰਮਤ ਹੀ ਜ਼ਿੰਦਗੀ ਦਾ ਅਸਲ ਪੈਮਾਨਾ ਹੈ। ਇਹ ਗੱਲ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਸ਼ਹਿਰ ਐਬਟਸਫੋਰਡ ਦੇ ਬਸ਼ਿੰਦੇ ਵਾਲਟਰ ਮਾਰਟਿਨਜ਼ ਨੇ 101 ਸਾਲ ਦੀ ਉਮਰ ਵਿੱਚ ਹਵਾਈ ਜਹਾਜ਼ ਚਲਾ ਕੇ ਠੀਕ ਸਿੱਧ ਕਰ ਦਿੱਤੀ ਹੈ। ਉਸ ਨੇ ਲੈਂਗਲੀ ਏਅਰਪੋਰਟ ਤੋਂ ਉਡਾਨ ਭਰ ਕੇ ਬ੍ਰਿਟਿਸ਼ ਕੋਲੰਬੀਆ ਦਾ ਚੱਕਰ ਲਗਾਇਆ। ਉਸ ਨੂੰ ਖ਼ਤਰੇ ਭਰੇ ਕਾਰਜ ਕਰਨ ਦਾ ਸ਼ੌਕ ਹੈ। 25 ਸਤੰਬਰ, 1920 ਨੂੰ ਜਨਮੇ ਵਾਲਟਰ ਨੇ 64 ਸਾਲ ਦੀ ਉਮਰ ਵਿੱਚ ਥਾਈਲੈਂਡ ਜਾ ਕੇ ਗਲਾਈਡਰ ਚਲਾਇਆ, 75 ਸਾਲ ਦੀ ਉਮਰ ਵਿੱਚ ਪਾਣੀ 'ਤੇ ਸਕਾਇੰਗ ਕੀਤੀ, 80 ਸਾਲ ਦਾ ਹੋ ਕੇ ਹਵਾ ਵਿੱਚ ਗੁਬਾਰੇ ਦੀ ਸਵਾਰੀ ਕੀਤੀ ਅਤੇ ਉਮਰ ਦੇ 98ਵੇਂ ਸਾਲ ਵਿੱਚ ਫਲੋਟ ਜਹਾਜ਼ ਚਲਾਇਆ ਸੀ। ਅਜੇ ਵੀ ਉਹ ਕੀ ਕ੍ਰਿਸ਼ਮੇ ਕਰੇਗਾ ਇਹ ਭਵਿੱਖ ਹੀ ਦੱਸੇਗਾ।



# ਬੁਢਾਪੇ ਦੀ ਪੱਤਝੜ ਰੁੱਤ ਬਹਾਰ ਵਿੱਚ ਬਦਲੀਏ

ਡਾ. ਰਣਜੀਤ ਸਿੰਘ ਤੰਬੜ
ਲੁਧਿਆਣਾ

ਕੰਮਕਾਜੀ ਮਜਬੂਰੀਆ ਤੇ ਕੁਝ ਆਧੁਨਿਕਤਾ ਦੇ ਪ੍ਰਭਾਵ ਕਰਕੇ ਸਾਂਝੇ ਪਰਿਵਾਰ ਟੁੱਟ ਰਹੇ ਹਨ। ਇਸ ਨਾਲ ਬਜ਼ੁਰਗਾਂ ਨੂੰ ਪਿਛਲੀ ਉਮਰੇ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਹੜੇ ਬੱਚੇ ਨੌਕਰੀ ਲਈ ਦੂਜੇ ਸ਼ਹਿਰਾਂ ਜਾਂ ਸੂਬਿਆਂ ਵਿਚ ਜਾਦੇ ਹਨ ਉਹ ਉਥੇ ਆਪਣੇ ਪਰਿਵਾਰ ਨਾਲ ਉਸੇ ਸ਼ਹਿਰ ਵਿਚ ਘਰ ਵਸਾ ਲੈਦੇ ਹਨ। ਪਿਛਲੇ ਸਮਿਆਂ ਵਿਚ ਨੌਕਰੀ ਲਈ ਆਪਣੇ ਪਿੰਡ ਜਾਂ ਸ਼ਹਿਰ ਨੂੰ ਛੱਡ ਕੇ ਕੋਈ ਜਾਂਦਾ ਸੀ ਤਾਂ ਆਪਣਾ ਟੱਬਰ ਪਿੱਛੇ ਛੱਡ ਜਾਂਦਾ ਸੀ। ਇੰਝ ਬਜੁਰਗਾਂ ਨੂੰ ਕੋਈ ਦਿੱਕਤ ਨਹੀ ਸੀ ਆਉਦੀ। ਹੁਣ ਤਾਂ ਪੰਜਾਬ ਵਿਚ ਪ੍ਰਦੇਸ਼ਾਂ ਨੂੰ ਜਾਣ ਦੇ ਰੁਝਾਨ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਿਸ ਕਾਰਨ ਬਜ਼ੁਰਗ ਪਿੱਛੇ ਇੱਕਲੇ ਰਹਿ ਗਏ ਹਨ। ਬੇਸ਼ਕ ਉਨ੍ਹਾਂ ਕੋਲ ਵਧੀਆ ਘਰ ਹਨ ਪਰ ਇਕੱਲਤਾ ਤਾਂ ਸਤਾਉਂਦੀ ਹੈ। ਸ਼ਹਿਰਾਂ ਵਿਚ ਨੌਕਰੀ ਕਰ ਰਹੇ ਬੱਚਿਆਂ ਨੇ ਆਪਣਾ ਅਜਿਹਾ ਮਾਹੌਲ ਸਿਰਜ ਲਿਆ ਹੁੰਦਾ ਹੈ ਕਿ ਉਹ ਮਾਪਿਆ ਨੂੰ ਆਪਂਣੇ ਕੋਲ ਬੁਲਾਉਣ ਤੋਂ ਕੰਨੀ ਕਤਰਾਉਂਦੇ ਹਨ। ਜੇਕਰ ਬਜ਼ੁਰਗ ਬੱਚਿਆਂ ਪਾਸ ਚਲੇ ਵੀ ਜਾਣ ਤਾਂ ਉਨ੍ਹਾ ਲਈ ਨਵੇਂ ਮਾਹੌਲ ਵਿਚ ਆਪਣੇ ਆਪ ਨੂੰ ਢਾਲਣਾ ਔਖਾ ਹੋ ਜਾਦਾ ਹੈ। ਉਹ ਇਸ ਨੂੰ ਮਿੱਠੀ ਜੇਲ੍ਹ ਸਮਝਣ ਲਗ ਪੈਂਦੇ ਹਨ। ਜਿਹੜੇ ਮਾਪੇ ਪ੍ਰਦੇਸ਼ਾਂ ਵਿਚ ਆਪਣੇ ਬੱਚਿਆਂ ਕੋਲ ਜਾਂਦੇ ਹਨ ਉਨ੍ਹਾ ਲਈ ਤਾਂ ਜ਼ਿੰਦਗੀ ਹੋਰ ਵੀ ਔਖੀ ਹੋ ਜਾਦੀ ਹੈ। ਨਵੀਂ ਧਰਤੀ, ਵੱਖਰੀ ਬੋਲੀ, ਸਭ ਕੁਝ ਵੱਖਰਾ, ਉਹ ਆਪਣੇ ਆਪ ਨੂੰ ਗੁਆਚਿਆ ਮਹਿਸੂਸ ਕਰਦੇ ਹਨ। ਜੇਕਰ ਸਿਹਤ ਥੋੜ੍ਹੀ ਠੀਕ ਹੈ ਤਾਂ ਉਨ੍ਹਾ ਨੂੰ ਕੰਮ ਕਰਨਾ ਪੈਦਾ ਹੈ ਜਿਸ ਕਰਕੇ ਉਹ ਹੋਰ ਵੀ ਝੂਰਦੇ ਹਨ।

ਸਾਨੂੰ ਬਦਲਦੇ ਸਮੇ ਅਨੁਸਾਰ ਬਦਲਣ ਦੀ ਲੋੜ ਹੈ। ਆਪਣੇ ਬੁਢਾਪੇ ਨੂੰ ਸੁਖੀ ਰੱਖਣ ਲਈ ਵਸੀਲਿਆਂ ਦਾ ਪ੍ਰਬੰਧ ਕਰੀਏ । ਕਿਸੇ ਦੀ ਮੁਥਾਜ਼ੀ ਲਈ ਝੂਰ ਝੂਰ ਕੇ ਮਰਨ ਨਾਲੋਂ ਚੰਗਾ ਹੈ ਇਕੱਲਤਾ ਨਾਲ ਸਾਂਝ ਪਾਈਏ, ਦੋਸਤੀਆਂ ਪਾਲੀਏ ਆਪਣਾ ਸਹਾਰਾ ਖੜ੍ਹਾ ਕਰੀਏ।

ਜਦੋ ਇਨਸਾਨ ਸੱਠਵਿਆਂ ਨੂੰ ਟੱਪਦਾ ਹੈ ਤਾਂ ਉਸ ਅੰਦਰ ਬੁਢਾਪਾ ਰੂਪੀ ਦੈਂਤ ਦਾ ਡਰ ਸਤਾਉਣ ਲਗਦਾ ਹੈ। ਸਮਾਂ ਤਾਂ ਆਪਣੀ ਤੋਰੇ ਤੁਰਦਾ ਹੀ ਹੈ ਪਰ ਸਾਡੇ ਸਮਾਜ ਵਿਚ ਅਜਿਹੀ ਸੋਚ ਪੈਦਾ ਕਰ ਦਿੱਤੀ ਗਈ ਹੈ ਜਿਵੇਂ ਬੁਢਾਪਾ ਕੋਈ ਸਰਾਪ ਹੋਵੇ। ਬੁਢਾਪੇ ਨੇ ਤਾਂ ਆਉਣਾ ਹੀ ਹੈ। ਲੋੜ ਇਸ ਪੱਤਝੜ ਦੀ ਰੁੱਤ ਦਾ ਆਨੰਦ ਮਾਨਣ ਦੀ ਜਾਚ ਸਿੱਖਣ ਦੀ ਹੈ। ਜਿੱਥੇ ਮਨੁੱਖ ਨੂੰ ਇਸ ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ ਉਥੇ ਸਮਾਜ ਨੂੰ ਵੀ ਇਹ ਸੋਚ ਬਦਲਣ ਦੀ ਲੋੜ ਹੈ ਕਿ ਪਿਛਲੀ ਉਮਰ ਵਿਚ ਮਨੁੱਖ, ਕੋਈ ਤਰਸ ਦਾ ਪਾਤਰ ਨਹੀ ਬਣ ਜਾਦਾ ਉਹ ਤਾਂ ਸਗੋਂ ਸਤਿਕਾਰ ਦਾ ਹੱਕਦਾਰ ਹੰਦਾ ਹੈ।

ਜਿਸ ਤਰ੍ਹਾਂ ਚੜ੍ਹਦੀ ਜਵਾਨੀ ਦਾ ਅਹਿਸਾਸ ਸਰੀਰ ਨੂੰ ਨਸ਼ਿਆ ਜਾਂਦਾ ਹੈ ਉਸੇ ਤਰ੍ਹਾਂ ਬੁਢਾਪੇ ਦਾ ਅਹਿਸਾਸ ਇਕਦਮ ਸਰੀਰ ਨੂੰ ਨਿਮੋਝੂਣਾ ਕਰ ਦਿੰਦਾ ਹੈ। ਨਾ ਚਾਹੁੰਦਿਆਂ ਹੋਇਆਂ ਵੀ ਮਨੁੱਖ ਨੂੰ ਝੁਕਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਘੁੰਮਣ ਫਿਰਨ ਉਤੇ ਰੋਕ ਲਗਾਉਣੀ ਪੈਂਦੀ ਹੈ। ਆਪਣੀ ਜੁਬਾਨ ਅਤੇ ਸਰੀਰ ਨੂੰ ਕਾਬੂ ਕਰਨਾ ਪੈਂਦਾ ਹੈ। ਆਪਣੇ ਹਰ ਪਾਸੇ ਬੰਦਸ਼ਾਂ ਹੀ ਬੰਦਸ਼ਾਂ ਉਸਾਰਨੀਆਂ ਪੈਂਦੀਆ ਹਨ। ਜਦੋਂ ਬੱਚੇ ਬਾਬਾ ਜੀ ਆਖ ਬੁਲਾਉਣ ਲਗਦੇ ਹਨ ਤਾਂ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਬੁੱਢਾ ਤਸਲੀਮ ਕਰਨਾ ਪੈਦਾ ਹੈ।

ਪੱਤਝੜ ਦੇ ਇਸ ਮੌਸਮ ਦਾ ਆਨੰਦ ਮਾਨਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਵਿਸ਼ੇਸ਼ ਰੂਪ ਵਿਚ ਤਿਆਰ ਕਰਨ ਦੀ ਲੋੜ ਹੈ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾ ਫੁੱਟਦੀਆਂ ਕਰੂੰਬਲਾਂ ਦਾ ਆਨੰਦ ਲੈਣ ਦੀ ਥਾਂ ਝੜੇ ਹੋਏ ਪੱਤਿਆ ਵਾਂਗ ਹਵਾ ਦੇ ਰੁੱਖ ਰੁੜ੍ਹਨਾ ਪੈਂਦਾ ਹੈ। ਜਿਥੇ ਸੋਹਲਵੇਂ ਸਾਲ ਦੇ ਚੜ੍ਹਦਿਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਦਾ ਹੈ, ਉਥੇ ਇਕਾਠਵੇ ਸਾਲ ਪ੍ਰਾਪਤੀਆ ਦੇ ਨਿੱਘ ਨੂੰ ਮਾਨਣ ਦਾ ਮੌਕਾ ਮਿਲਦਾ ਹੈ। ਚੜ੍ਹਦੀ ਜਵਾਨੀ ਵਿਚ ਜੇਕਰ ਸਵੈਕਾਬੂ ਰੱਖਦਿਆਂ ਜੀਵਨ ਨੂੰ ਸਹੀ ਦਿਸ਼ਾ-ਨਿਰਦੇਸ਼ ਦਿੱਤਾ ਜਾਵੇ ਤਾਂ ਮੰਜ਼ਿਲ ਦੀ ਪ੍ਰਾਪਤੀ ਯਕੀਨੀ ਹੋ ਜਾਂਦੀ ਹੈ। ਇਸੇ ਤਰ੍ਹਾਂ ਬੁਢਾਪੇ ਦੀ ਸਹੀ ਸੰਭਾਲ ਆਖਰੀ ਸਮੇ ਨੂੰ ਆਨੰਦਮਈ ਬਣਾ ਸਕਦੀ ਹੈ।

ਜੀਵਨ ਦੇ ਆਖਰੀ ਪੜਾਅ ਨੂੰ ਸੁੰਦਰ ਬਣਾਈ ਰੱਖਣ ਲਈ ਹਰ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਇਸ਼ ਦਾ ਖਿੜੇ ਮੱਥੇ ਸਵਾਗਤ ਕਰੇ। ਜਵਾਨੀ ਦੇ ਦਿਨਾਂ ਵਿਚ ਕਾਰੋਬਾਰੀ ਅਤੇ ਘਰੋਗੀ ਰੁਝੇਵਿਆਂ ਵਿਚ ਘਿਰਿਆ ਮਨੁੱਖ ਆਪਣੇ ਮਨ ਦੀਆਂ ਖਾਹਿਸ਼ਾਂ ਅਤੇ ਲੋੜਾਂ ਨੂੰ ਪਾਸੇ ਰੱਖ ਦਿਨ-ਰਾਤ ਮਿਹਨਤ ਕਰਦਾ ਹੈ। ਬੁਢਾਪਾ ਅਜਿਹਾ ਮੌਕਾ ਪ੍ਰਦਾਨ ਕਰਦਾ ਹੈ ਜਦੋਂ ਅਸੀਂ ਆਪਣੇ ਰੁਝੇਵਿਆਂ ਤੋਂ ਵਿਹਲੇ ਹੋ ਕੇ ਆਪਣੇ ਢੰਗ ਨਾਲ ਆਪਣੀ ਜ਼ਿੰਦਗੀ ਜੀਅ ਸਕਦੇ ਹਾਂ। ਆਪਣੀਆਂ ਦੱਬੀਆਂ ਕ੍ਰਿਆਤਮਿਕ ਤੇ ਕਲਾਤਮਿਕ ਖਾਹਿਸ਼ਾਂ ਦੀ ਪੂਰਤੀ ਵੱਲ ਧਿਆਨ ਦੇ ਸਕਦੇ ਹਾਂ। ਜਿਹੜੇ ਸ਼ੌਕ ਸਮੇ ਦੀ ਘਾਟ ਕਾਰਨ ਪੂਰੇ ਨਹੀ ਹੋ ਸਕੇ, ਉਨ੍ਹਾਂ ਵੱਲ਼ ਮੁੜ ਧਿਆਨ ਦਿੱਤਾ ਜਾ ਸਕਦਾ ਹੈ। ਅਜਿਹਾ ਉਦੋਂ ਹੀ ਸੰਭਵ ਹੈ ਜੇਕਰ ਅਸੀ ਪੱਤਝੜ ਦੀ ਰੁੱਤ ਆਉਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਰੁੱਤ ਲਈ ਤਿਆਰ ਕਰ ਲਈਏ। ਜੀਵਨ ਦੇ ਸਮਾਜਿਕ, ਮਾਇਕ ਅਤੇ ਘਰੋਗੀ ਮਸਲਿਆਂ ਅਤੇ ਵਸੀਲਿਆਂ ਦੀ ਵਿਉਂਤਬੰਦੀ ਇਸ ਢੰਗ ਨਾਲ ਕਰੀਏ ਕਿ ਇਨ੍ਹਾ ਬਾਰੇ ਚਿੰਤਾ ਤੋਂ ਮੁਕਤੀ ਮਿਲ ਸਕੇ।

ਨੌਕਰੀ ਕਰ ਰਹੇ ਲੋਕਾਂ ਦਾ ਇਹ ਪੜਾਅ ਸੇਵਾਮੁਕਤੀ ਪਿੱਛੋਂ ਸ਼ੁਰੂ ਹੁੰਦਾ ਹੈ ਜਦੋਂਕਿ ਕਾਰੋਬਾਰੀ ਇਨਸਾਨ ਹੌਲੀ ਹੌਲੀ

ਆਪਣੇ ਆਪ ਨੂੰ ਕਾਰੋਬਾਰ ਤੋ ਅੱਡ ਕਰਦੇ ਜਾਂਦੇ ਹਨ। ਰੋਟੀ, ਕੱਪੜਾ, ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ। ਹਰ ਇਨਸਾਨ ਨੂੰ ਬੁਢਾਪਾ ਆਉਣ ਤੋ ਪਹਿਲਾਂ ਹੀ ਇਨ੍ਹਾਂ ਦਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਜੇਕਰ ਇਨ੍ਹਾਂ ਵਲੋਂ ਨਿਸ਼ਚਿੰਤਤਾ ਹੋਵੇਗੀ ਤਾਂ ਬੁਢਾਪੇ ਦਾ ਡਰ ਤੰਗ ਨਹੀਂ ਕਰੇਗਾ। ਸੇਵਾਮੁਕਤੀ ਤੋਂ ਪਹਿਲਾਂ ਹਰ ਇਨਸਾਨ ਨੂੰ ਆਪਣੇ ਰਹਿਣ ਲਈ ਮਕਾਨ ਦਾ ਜ਼ਰੂਰ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਮਾਇਕ ਵਸੀਲੇ ਵੀ ਇੰਨੇ ਕੁ ਕਰ ਲੈਣੇ ਚਾਹੀਦੇ ਹਨ ਕਿ ਬੁਢਾਪੇ ਵਿਚ ਰੋਟੀ-ਕਪੜੇ ਦੀ ਲੋੜ ਪੂਰੀ ਹੁੰਦੀ ਰਹੇ। ਕਈ ਇਨਸਾਨ ਇਸ ਪਾਸਿਉਂ ਲਾਪਰਵਾਹੀ ਵਰਤ ਜਾਂਦੇ ਹਨ। ਉਨ੍ਹਾਂ ਨੂੰ ਕਿਰਾਏ ਦਾ ਮਕਾਨ ਹੀ ਵਧੀਆ ਲਗਦਾ ਹੈ। ਉਹ ਬੁਢਾਪੇ ਦੇ ਦਿਨਾਂ ਲਈ ਬਚਤ ਕਰਨ ਬਾਰੇ ਵੀ ਨਹੀਂ ਸੋਚਦੇ। ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ ਜਿਸ ਪੈਦਾ ਕੀਤਾ ਹੈ ਉਹ ਆਪਣੇ ਆਪ ਕੋਈ ਨਾ ਕੋਈ ਪ੍ਰਬੰਧ ਕਰ ਦੇਵੇਗਾ।

ਕਈ ਲੋਕ ਵਧੇਰੇ ਭਾਵਨਾਤਮਕ ਹੁੰਦੇ ਹਨ। ਉਹ ਘਰ ਨੂੰ ਆਪਣੇ ਬੱਚਿਆਂ ਦੇ ਨਾਂ ਲੁਆ ਦਿੰਦੇ ਹਨ। ਪਿਆਰ ਆਪਣੀ ਥਾਂ ਹੈ ਪਰ ਦੂਜਿਆਂ ਦੀ ਮੁਥਾਜੀ ਭੈੜੀ ਹੁੰਦੀ ਹੈ। ਆਪਣੇ ਕੋਲ ਘਰ ਦਾ ਹੋਣਾ ਇਕ ਆਤਮਿਕ ਵਿਸ਼ਵਾਸ ਹੁੰਦਾ ਹੈ ਜਿਸ ਨਾਲ ਮਨ ਅੰਦਰ ਕਿਤੇ ਲੁਕਿਆ ਹੋਇਆ ਡਰ ਹਮੇਸ਼ਾਂ ਲਈ ਦੂਰ ਹੋ ਜਾਂਦਾ ਹੈ। ਸੇਵਾਮੁਕਤੀ ਸਮੇਂ ਹਰ ਵਿਅਕਤੀ ਨੂੰ ਕੁਝ ਬੱਝਵੀਂ ਰਕਮ ਮਿਲਦੀ ਹੈ। ਇਸ ਰਕਮ ਦੀ ਇਸ ਢੰਗ ਨਾਲ ਵਿਉਂਤਬੰਦੀ ਕਰਨੀ ਚਾਹੀਦੀ ਹੈ ਤਾਂ ਜੋ ਤੁਹਾਨੂੰ ਲਗਾਤਾਰ ਆਮਦਨ ਮਿਲਦੀ ਰਹੇ। ਕਈ ਵਿਅਕਤੀ ਇਹ ਰਕਮ ਬੱਚਿਆਂ ਦੇ ਕਾਰੋਬਾਰ ਵਿਚ ਜਾਂ ਘਰ ਵਿਚ ਖਰਚ ਕਰ ਦਿੰਦੇ ਹਨ ਪਰ ਪਿਛੋਂ ਇਸ ਗਲਤੀ ਦਾ ਅਹਿਸਾਸ ਹੁੰਦਾ ਹੈ ਜਦੋਂ ਉਸ ਨੂੰ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੂਜਿਆਂ ਅਗੇ ਹੱਥ ਅੱਡਣੇ ਪੈਂਦੇ ਹਨ।

ਆਪਣੇ ਨਿੱਤ ਦੇ ਰੁਝੇਵੇਂ ਬਣਾਉ। ਘਰ ਵਿਹਲਾ ਬੈਠਾ ਬੰਦਾ ਤਾਂ ਉਂਝ ਹੀ ਘਾਬਰ ਜਾਂਦਾ ਹੈ ਜਾਂ ਫਿਰ ਘਰ ਦੇ ਬਾਕੀ ਮੈਂਬਰਾਂ ਦੇ ਨੁਕਸ ਕਢਣ ਲਗ ਪੈਂਦਾ ਹੈ। ਨੁਕਸ ਕੱਢਣ ਦੀ ਥਾਂ ਸਾਰਿਆਂ ਨੂੰ ਹੱਲਾਸ਼ੇਰੀ ਦੇਵੋ। ਪਰਿਵਾਰ ਨੂੰ ਚੰਗੇ ਸੰਸਕਾਰ ਦੇਵੋ। ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿੰਦਿਆਂ ਸੁੱਚੀ ਕਿਰਤ ਦਾ ਸਬਕ ਪੜ੍ਹਾਉ। ਪਰ ਅਜੇਹਾ ਤੁਸੀਂ ਉਦੋਂ ਹੀ ਕਰ ਸਕਦੇ ਹੋ ਜੇਕਰ ਤੁਸੀਂ ਸੁੱਚੀ ਕਿਰਤ ਕੀਤੀ ਹੋਵੇਗੀ। ਸਵੇਰੇ-ਸ਼ਾਮ ਸੈਰ ਕਰੋ ਤੇ ਗੁਰੂ-ਘਰ ਹਾਜ਼ਰੀਆਂ ਭਰੋ। ਤੁਹਾਡੇ ਆਪਣੇ ਕੁੱਝ ਸ਼ੌਕ ਹੋਣਗੇ ਜਿਹੜੇ ਜਵਾਨੀ ਸਮੇਂ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਪੂਰੇ ਨਹੀਂ ਹੋ ਸਕੇ ਉਨ੍ਹਾਂ ਵੱਲ ਧਿਆਨ ਦੇਵੋ। ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਹਨ ਜਿਹੜੀਆਂ ਸਮਾਜਸੇਵਾ ਦੇ ਕਾਰਜ ਕਰਦੀਆਂ ਹਨ। ਆਪਣੀ ਰੁਚੀ ਅਨੁਸਾਰ ਉਨ੍ਹਾਂ ਵਿਚ ਸ਼ਾਮਿਲ ਹੋ ਕੇ ਕੋਈ ਨਾ ਕੋਈ ਸਮਾਜਸੇਵਾ ਕੀਤਿਆਂ ਜੋ ਆਨੰਦ ਮਿਲਦਾ ਹੈ ਉਹ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ। ਜੇਕਰ ਪਰਿਵਾਰ ਨਾਲ ਰਹਿਣਾ ਹੈ ਤਾਂ ਪਰਿਵਾਰ ਦੇ ਕੰਮਾਂ ਵਿਚ ਆਪਣਾ ਯੋਗਦਾਨ ਜ਼ਰੂਰ ਪਾਵੋ। ਰੁਝੇਵੇਂ ਜੀਵਨ ਨੂੰ ਤਾਜ਼ਗੀ ਬਖਸ਼ਦੇ ਹਨ ਜਦੋਂ ਕਿ ਵਿਹਲ ਨਿਰਾਸ਼ਾ ਦਾ ਕਾਰਨ ਬਣਦੀ ਹੈ। ਪੜ੍ਹਨ ਦਾ ਸ਼ੌਕ ਪਾਲੋ। ਨੇੜੇ ਦੀ ਲਾਇਬ੍ਰੇਰੀ ਦੇ ਮੈਂਬਰ ਬਣ ਕੇ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਵੋ।

ਉਸਾਰੂ ਰੁਝੇਵਿਆਂ ਕਾਰਨ ਤੁਹਾਨੂੰ ਕਦੇ ਵੀ ਬੁਢਾਪੇ ਦਾ ਅਹਿਸਾਸ ਨਹੀਂ ਹੋਵੇਗਾ। ਸੂਝਵਾਨ ਲੋਕ ਪੱਤਝੜ ਦੇ ਮੌਸਮ ਦਾ ਵੀ ਆਨੰਦ ਮਾਣਦੇ ਹਨ। ਉਹ ਤਾਂ ਸਗੋਂ ਮਹਿਸੂਸ ਕਰਦੇ ਹਨ ਕਿ ਅਸਲੀ ਜੀਵਨ ਤਾਂ ਹੁਣ ਹੀ ਸ਼ੁਰੂ ਹੋਇਆ ਹੈ ਜਦੋਂ ਤੁਸੀਂ ਆਪਣੀ ਮਰਜ਼ੀ ਮੁਤਾਬਿਕ ਕਾਰਜ ਕਰ ਸਕਦੇ ਹੋ। ਆਪਣੇ ਜੀਵਨ ਸਾਥੀ ਨਾਲ ਨੇੜਤਾ ਵਧਾਉ। ਘੁੰਮਣ-ਫਿਰਨ ਦਾ ਪ੍ਰੋਗਰਾਮ ਉਲੀਕੋ। ਜੇਕਰ ਇਕੱਲੇ ਹੋ ਤਾਂ ਘਰ ਵਿਚ ਕੋਈ ਭਰੋਸੇਮੰਦ ਸਹਾਇਕ ਰੱਖੋ। ਬੱਚਿਆਂ ਕੋਲ ਜ਼ਰੂਰ ਜਾਵੋ ਪਰ ਜਦੋਂ ਅਕੇਵਾਂ ਮਹਿਸੂਸ ਕਰੋ ਤਾਂ ਆਪਣੇ ਘਰ ਆਵੋ। ਸਵੈ-ਨਿਰਭਰਤਾ ਬਹੁਤ ਜ਼ਰੂਰੀ ਹੈ। ਜੇਕਰ ਸੁਚੱਜੇ ਢੰਗ ਨਾਲ ਵਿਉਂਬੰਦੀ ਕੀਤੀ ਹੋਵੇਗੀ ਤਾਂ ਦੂਜਿਆਂ ਦੇ ਸਹਾਰੇ ਜਿਉਣ ਲਈ ਮੁਥਾਜ ਨਹੀਂ ਹੋਣਾ ਪਵੇਗਾ। ਬਜ਼ੁਰਗ ਆਸ਼ਰਮ ਵਿਚ ਵੀ ਜਾਣ ਦੀ ਲੋੜ ਨਹੀਂ ਪਵੇਗੀ।

ਆਪਣੇ ਯਤਨਾਂ ਨਾਲ ਬੁਢਾਪੇ ਦੀ ਪੱਤਝੜ ਰੁੱਤ ਨੂੰ ਬਹਾਰ ਵਿਚ ਬਦਲਿਆ ਜਾ ਸਕਦਾ ਹੈ। ਬੁਢਾਪੇ ਦਾ ਸੰਤਾਪ ਨਹੀਂ ਸਗੋਂ ਨਿੱਘ ਮਾਣੋ।

❋ ❋ ❋ ❋ ❋

## ਨਾਸਤਿਕ

ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕੈਦੀ ਨੂੰ ਇੱਕ ਪੱਤਰਕਾਰ ਨੇ ਪੁੱਛਿਆ, " ਤੈਨੂੰ ਲੋਕੀਂ ਨਾਸਤਿਕ ਕਿਉਂ ਕਹਿੰਦੇ ਆ?" ਕੈਦੀ ਨੇ ਟੁਣਕਵਾਂ ਜਵਾਬ ਦਿੱਤਾ, "ਮੈਂ ਬੱਸ ਡਰਾਇਵਰ ਸੀ। ਇੱਕ ਵਾਰ ਸ਼ਿਮਲੇ ਜਾਂਦਿਆਂ ਬੱਸ ਕੰਟਰੋਲ ਤੋਂ ਬਾਹਰ ਹੋ ਗਈ। ਬੱਸ ਖੱਡ ਵਿੱਚ ਡਿਗਣ ਵਾਲੀ ਸੀ। ਮੈਂ ਆਪਣੇ ਪੂਰੇ ਜ਼ੋਰ ਨਾਲ ਬ੍ਰੇਕ ਨਾਲ ਲਗਾਈ ਅਤੇ ਬੱਸ ਨੂੰ ਖੱਡ ਦੇ ਬਿਲਕੁਲ ਕਿਨਾਰੇ 'ਤੇ ਰੋਕਣ ਵਿੱਚ ਸਫ਼ਲ ਹੋ ਗਿਆ। ਜਦੋਂ ਮੈਂ ਪਿੱਛੇ ਮੁੜ ਕੇ ਵੇਖਿਆ ਤਾਂ ਸਾਰੇ ਇਸ ਬਚਾਅ ਲਈ ਆਪਣੇ ਆਪਣੇ ਰੱਬ ਦਾ ਗੁਣਗਾਣ ਅਤੇ ਸ਼ੁਕਰਾਨਾ ਕਰ ਰਹੇ ਸਨ। ਉਹ ਮੈਨੂੰ ਇਸ ਵਾਪਰ ਸਕਣ ਵਾਲੇ ਦੁਖਾਂਤ ਲਈ ਜ਼ਿੰਮੇਵਾਰ ਸਮਝ ਕੇ ਮੇਰੇ ਨਾਲ ਲੜਨ, ਮੇਰੀ ਮਾਰ-ਕੁੱਟ ਕਰਨ ਅਤੇ ਮਰਨ-ਮਾਰਨ ਤੀਕ ਪਹੁੰਚ ਗਏ। ਕਈ ਤਾਂ ਮੁੱਛਾਂ ਨੂੰ ਤਾਅ ਦਿੰਦਿਆਂ ਕਹਿਣ ਲੱਗੇ, "ਤੂੰ ਤੇ ਸਾਨੂੰ ਮਾਰ ਦੇਣਾ ਸੀ ਸਾਲਿਆ। ਸ਼ੁਕਰ ਆ ਰੱਬ ਦਾ ਜਿਸ ਨੇ ਸਾਨੂੰ ਬਚਾਅ ਲਿਆ। ਮੈਂ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਸੁਣ ਕੇ ਆਪਣੇ ਆਪ ਨੂੰ ਕਿਹਾ, "ਹੁਣ ਤੁਹਾਨੂੰ ਤੁਹਾਡਾ ਰੱਬ ਹੀ ਬਚਾਵੇਗਾ"। ਮੈਂ ਬਰੇਕ ਤੋਂ ਪੈਰ ਚੁੱਕ ਦਿੱਤਾ ਅਤੇ ਆਪ ਛਾਲ ਮਾਰ ਦਿੱਤੀ। ਬੱਸ ਫਿਰ ਕੀ ਸੀ ਬੱਸ ਸਵਾਰੀਆਂ ਸਮੇਤ ਖੱਡ 'ਚ ਅਤੇ ਮੈਂ ਜੇਲ੍ਹ 'ਚ। ਉਦੋਂ ਤੋਂ ਹੀ ਤੇਰੇ ਵਰਗੇ ਕਈ ਕਲਮ-ਘੜੀਸ ਮੈਨੂੰ ਨਾਸਤਿਕ ਕਹਿ ਛੱਡਦੇ ਆ"। ਪੱਤਰਕਾਰ ਕੰਨ ਜਿਹੇ ਵਲੇਟ ਕੇ ਚੱਲਦਾ ਬਣਿਆਂ।

# ਸੈਣੀ ਬਰਾਦਰੀ ਦੇ ਮਾਣਮੱਤੇ ਸਪੂਤ

ਅਮਰਜੀਤ ਸਿੰਘ
ਰੂਪਨਗਰ



ਰੋਪੜ ਸ਼ਹਿਰ ਵਿੱਚ ਗਿਲਕੋ ਵੈਲੀ ਦੇ ਵਸਨੀਕ ਸ.ਕੁਲਬੀਰ ਸਿੰਘ ਦੇ ਸਪੁੱਤਰ ਅਤੇ ਰਾਜਸਥਾਨ ਰਾਇਲ ਹੋਟਲ ਦੇ ਮਾਲਕ **ਸ.ਪਰਮਿੰਦਰਪਾਲ ਸਿੰਘ** ਨੇ ਭਾਰਤੀ ਥਲ ਸੈਨਾ ਵਿੱਚ ਕਮਿਸ਼ਨ ਲੈ ਕੇ ਸੈਣੀ ਬਰਾਦਰੀ ਅਤੇ ਆਪਣੇ ਪਰਿਵਾਰ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਉਹ ਹੁਣ 2022 ਦੇ ਜਨਵਰੀ ਮਹੀਨੇ ਆਫ਼ੀਸਰ ਟਰੇਨਿੰਗ ਅਕੈਡਮੀ ਚੇਨਈ ਵਿੱਚ ਸਿਖਲਾਈ ਲੈਣ ਜਾਏਗਾ।



ਇਸ ਤੋਂ ਬਾਅਦ ਉਹ ਫੌਜ ਦੇ ਇੰਜਨੀਅਰਿੰਗ ਵਿੰਗ ਵਿੱਚ ਲੈਫ਼ਟੀਨੈਂਟ ਵਜੋਂ ਨਿਯੁਕਤ ਹੋ ਜਾਏਗਾ। ਪਰਮਿੰਦਰਪਾਲ ਸਿੰਘ ਦਾ ਜਨਮ 19 ਨਵੰਬਰ, 1995 ਨੂੰ ਰਾਜਿਸਥਾਨ ਦੇ ਜ਼ਿਲ੍ਹਾ ਬਾਂਸਵਾੜਾ ਦੇ ਕਸਬਾ ਪ੍ਰਤਾਪਪੁਰ ਵਿੱਚ ਪਿੰਘਲੀਆ ਸੈਣੀ ਪਰਿਵਾਰ ਵਿੱਚ ਹੋਇਆ। ਇਸ ਪਰਿਵਾਰ ਦਾ ਜੱਦੀ ਪਿੰਡ ਰੋਪੜ ਦੇ ਨਜ਼ਦੀਕ ਸਤਲੁਜ ਦਰਿਆ ਕੰਢੇ ਸਥਿਤ ਪਤਿਆਲਾਂ ਹੈ ਜਿੱਥੋਂ ਇਹ ਬਿਹਤਰੀ ਲਈ ਰਾਜਿਸਥਾਨ ਚਲੇ ਗਿਆ।ਉਹ ਦਸ ਕੁ ਸਾਲ ਪਹਿਲਾਂ ਰੋਪੜ ਸ਼ਹਿਰ ਆ ਵਸੇ। ਪਰਮਿੰਦਰਪਾਲ ਸਿੰਘ ਨੇ ਨੌਵੀਂ ਤੋਂ ਬਾਹਰਵੀਂ ਸ਼੍ਰੇਣੀ ਤੱਕ ਸਿੱਖਿਆ ਸਾਹਿਜ਼ਾਦਾ ਅਜੀਤ ਸਿੰਘ ਅਕੈਡਮੀ ਰੋਪੜ ਤੋਂ ਹਾਸਲ ਕੀਤੀ। ਇਸ ਉਪਰੰਤ ਉਸ ਨੇ ਸਿਵਲ ਇੰਜਨੀਅਰਿੰਗ ਦੀ ਬੀ.ਟੈਕ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ। ਉਸ ਨੇ ਆਪਣਾ ਨਿਸ਼ਾਨਾ ਭਾਰਤੀ ਫੌਜ ਰਾਹੀਂ ਦੇਸ਼ ਦੀ ਸੇਵਾ ਦਾ ਮਿੱਥਿਆ ਹੋਇਆ ਸੀ ਜਿਸ ਵਿੱਚ ਉਹ ਸਫ਼ਲ ਹੋ ਗਿਆ। ਸੈਣੀ ਬਰਾਦਰੀ ਨੂੰ ਇਸ ਪਰਿਵਾਰ 'ਤੇ ਬਹੁਤ ਮਾਣ ਹੈ। ਪਰਮਾਤਮਾ ਇਨ੍ਹਾਂ ਨੂੰ ਚੜ੍ਹਦੀ ਕਲਾ ਬਖਸ਼ੇ।


ਰੋਪੜ ਜ਼ਿਲ੍ਹੇ ਦੇ ਪਿੰਡ ਠਾਣਾ ਨੇੜੇ ਨੂਰਪੁਰਬੇਦੀ ਦੇ ਨਿਵਾਸੀ ਸਵੀਪਾਲ ਸਿੰਘ ਸੈਣੀ ਦੇ ਸਪੁੱਤਰ



**ਦਿਲਰੋਜ਼ ਸਿੰਘ** ਕੇਰਲਾ ਵਿੱਚ ਸਥਿਤ ਨੇਵੀ ਅਕੈਡਮੀ ਏਜੀਮਾਲਾ ਤੋਂ ਚਾਰ ਸਾਲ ਲਈ ਭਾਰਤੀ ਸੁਰੱਖਿਆ ਸੇਵਾਵਾਂ ਦੀ ਜਲ ਸੈਨਾ ਦੀ ਸਿਖਲਾਈ ਹਾਸਲ ਕਰ ਕੇ ਲੈਫਟੀਨੈਂਟ ਵਜੋਂ ਮੁੰਬਈ ਵਿਖੇ ਤਇਨਾਤ ਹੋਏ ਹਨ। ਇਸ ਮਿਹਨਤੀ ਤੇ ਲਾਇਕ ਨੌਜਵਾਨ ਦਾ ਜਨਮ 23 ਜੂਨ,1991 ਨੂੰ ਸੈਣੀ (ਡੁਲਕੂ) ਪਰਿਵਾਰ ਵਿੱਚ ਹੋਇਆ। ਉਸ ਨੇ 12ਵੀਂ ਜਮਾਤ ਦਸਮੇਸ਼ ਅਕੈਡਮੀ ਅਨੰਦਪੁਰ ਸਾਹਿਬ ਤੋਂ 95% ਨੰਬਰ ਲੈ ਕੇ ਪਾਸ ਕੀਤੀ। ਉਹ 2018 ਵਿੱਚ ਮੁਕਾਬਲੇ ਦੀ ਪ੍ਰੀਖਿਆ ਰਾਹੀਂ ਨੇਵੀ ਦੀ ਟੈਕਨੀਕਲ ਸਰਵਿਸ ਲਈ ਚੁਣਿਆਂ ਗਿਆ। ਇੱਥੇ ਹੀ ਉਸ ਨੇ ਇਲੈਕਟਰੌਨਿਕਸ ਅਤੇ ਕਮਿਊਨੀਕੇਸ਼ਨ ਵਿੱਚ ਬੀ.ਟੈਕ ਦੀ ਡਿਗਰੀ ਹਾਸਲ ਕੀਤੀ। ਉਸ ਦੇ ਪਿਤਾ ਜੀ ਦਸਮੇਸ਼ ਅਕੈਡਮੀ ਦੇ ਡਾਇਰੈਕਟਰ ਦੇ ਨਿਜੀ ਸਹਾਇਕ ਹਨ ਅਤੇ ਮਾਤਾ ਕਮਲੇਸ਼ ਦੇਵੀ ਸਰਕਾਰੀ ਸਕੂਲ ਥੱਪਲ ਵਿੱਚ ਪੰਜਾਬੀ ਅਧਿਆਪਕਾ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਦਿਲਰੋਜ਼ ਸਿੰਘ ਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ ਹੋਵੇ।

**ਐਕਟਿੰਗ ਵਿੱਚ ਮੱਲਾਂ ਮਾਰਨ ਵਾਲਾ ਮਨੂ ਸੈਣੀ**

ਜ਼ਿਲ੍ਹਾ ਐਸ.ਏ.ਐਸ ਨਗਰ ਦੇ ਪਿੰਡ ਮਨਾਣਾ ਦੇ ਹੋਣਹਾਰ ਬੇਟੇ ਮਨਦੀਪ ਸਿੰਘ ਨੇ ਐਕਟਿੰਗ ਦੇ ਖੇਤਰ ਵਿੱਚ ਮਾਅਰਕੇ ਮਾਰੇ ਹਨ। ਉਸ ਨੇ ਕਾਲਜ ਵਿੱਚ ਪੜ੍ਹਦਿਆਂ ਹੀ ਨਾਟਕ ਖੇਡਣਾ ਸ਼ੁਰੂ ਕਰ ਦਿੱਤਾ ਜਿੱਥੇ ਉਸ ਨੇ ਦੋ ਵਾਰ ਉੱਤਮ ਅਦਾਕਾਰ ਦਾ ਸਨਮਾਨ ਪ੍ਰਾਪਤ ਕੀਤਾ। ਇਸ ਦੌਰਾਨ ਉਸ ਨੇ 'ਅਦਾਕਾਰ ਰੰਗਮੰਚ ਮੁਹਾਲੀ' ਅਧੀਨ ਨਾਟਕ, 'ਚਮਕੌਰ ਤੋਂ ਸਰਹਿੰਦ ਤੱਕ', 'ਜ਼ਖ਼ਮੀ ਖੰਭਾਂ ਦੀ ਪਰਵਾਜ਼', 'ਇੱਕੋ ਰਾਹ ਸਵੱਲੜਾ', 'ਟੋਭਾ ਟੇਕ ਸਿੰਘ', ਜਿਹੇ ਕਈ ਨਾਟਕ ਖੇਡ ਕੇ ਰੰਗਮੰਚ ਦੀ ਦੁਨੀਆਂ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲਈ।



ਇਸ ਉਪਰੰਤ ਉਸ ਨੇ ਫਿਲਮੀ ਖੇਤਰ ਵਿੱਚ ਆਪਣੇ ਹੱਥ ਅਜਮਾਉਣੇ ਸ਼ੁਰੂ ਕਰ ਦਿੱਤੇ ਜਿਸ ਅਧੀਨ 'ਕਿਰਪਾਨ', 'ਦੋ ਬੋਲ', 'ਲਵ ਸਟੋਰੀ', 'ਮੈਂ ਤੇਰਾ ਬਾਈ ਤੂੰ ਮੇਰਾ ਬਾਈ', 'ਜ਼ਿੰਦਗੀ ਜ਼ਿੰਦਾਬਾਦ', ਅਤੇ 'ਜੋਰਾ-2' ਪੰਜਾਬੀ ਫਿਲਮਾਂ ਵਿੱਚ ਕੰਮ ਕਰਕੇ ਆਪਣੀ ਪ੍ਰਤਿਭਾ ਦੀ ਧਾਕ ਜਮਾਈ। ਉਸ ਨੇ ਮਾਡਲਿੰਗ ਦੇ ਖੇਤਰ ਵਿੱਚ ਵੀ ਚੰਗੀ ਸ਼ੋਅਰਤ ਹਾਸਲ ਕੀਤੀ ਹੈ। ਹੁਣ ਉਹ ਹੌਲ਼ੀਵੁੱਡ ਫਿਲਮ ' ਦਾ ਸ਼ੈਪਡ' ਵਿੱਚ ਅਹਿਮ ਕਿਰਦਾਰ ਨਿਭਾ ਕੇ ਆਪਣੀ ਕਿਸਮਤ ਅਜ਼ਮਾ ਰਿਹਾ ਹੈ। ਉਸ ਨੇ ਕਈ ਕੰਪਨੀਆਂ ਲਈ ਇਸ਼ਤਿਹਾਰੀ ਫ਼ਿਲਮਾ ਬਣਾ ਕੇ ਵਾਹ ਵਾਹ ਖੱਟੀ ਹੈ। ਉਹ ਅਦਾਕਾਰੀ ਖੇਤਰ ਵਿੱਚ ਬਹੁਤ ਉਚੀਆਂ ਪੁਲਾਂਘਾਂ ਪੁੱਟਣ ਲਈ ਤਾਂਘ ਰਿਹਾ ਹੈ। ਪਰਮਾਤਮਾ ਉਸ ਨੂੰ ਕਾਮਯਾਬੀ ਬਖਸ਼ੇ। ਸੈਣੀ ਬਰਾਦਰੀ ਨੂੰ ਆਪਣੇ ਇਸ ਕਲਾਕਾਰ ਸਪੁੱਤਰ 'ਤੇ ਅੰਤਾਂ ਦਾ ਮਾਣ ਹੈ।

* * * * *

ਕਹਾਣੀ

# ਬੋਦੀਆਂ ਜੜ੍ਹਾਂ ਵਾਲਾ ਰੁੱਖ

ਮਨਜੀਤ ਸਿੰਘ ਤੰਬੜ
ਪੰਜੋੜ (ਹੁਸ਼ਿਆਰਪੁਰ)



ਦੌੜ ਭੱਜ ਕਰਨ ਤੋਂ ਬਾਅਦ ਵਤਨ ਸਿੰਘ ਨੂੰ ਆਜ਼ਾਦ ਹਿੰਦ ਫੌਜ ਤੇ ਜੈਤੋਂ ਦੇ ਮੋਰਚੇ ਵਾਲੀਆਂ ਦੋਨੋ ਪੈਨਸ਼ਨਾਂ ਇਕੱਠੀਆਂ ਹੀ ਲੱਗ ਗਈਆਂ। ਪੈਨਸ਼ਨਾਂ ਦੇ ਨਾਲ ਨਾਲ ਪਿਛਲਾ ਰਹਿੰਦਾ ਪੈਸਾ ਵੀ ਚੋਖਾ ਮਿਲ ਗਿਆ। ਗੱਲ ਭਾਵੇਂ ਬੁੱਢੇ ਦਰੱਖਤ ਨੂੰ ਫ਼ਲ ਲੱਗਣ ਵਾਲੀ ਸੀ। ਪਰ ਫਿਰ ਵੀ ਜੁਆਨੀ ਵੇਲੇ ਦੇ ਕੁਟਵਾਏ ਹੱਡਾਂ ਦਾ ਮੁੱਲ ਪੈ ਗਿਆ।

ਵਤਨ ਸਿੰਘ ਦੀ ਸਾਰੀ ਉਮਰ ਜੇਲ੍ਹਾਂ, ਧਰਨਿਆਂ ਵਿੱਚ ਨਿਕਲੀ ਸੀ। ਟੱਬਰ ਲਈ ਕੀ ਕਰਨਾ ਸੀ। ਵਿਚਾਰੀ ਕਰਤਾਰੋ ਇਕੱਲੀ ਨੂੰ ਹੀ ਜ਼ਿੰਦਗੀ ਦਾ ਸਫ਼ਰ ਮਾਂਦਗੀ ਤੇ ਗਰੀਬੀ ਦੀਆਂ ਮੁਸੀਬਤਾਂ ਨਾਲ ਲੜਦਿਆਂ ਗੁਜ਼ਾਰਨਾ ਪਿਆ। ਸਾਰੀ ਸਾਰੀ ਰਾਤ ਜਾਗ ਕੇ ਚਰਖਾ ਕੱਤਿਆ ਕਰਦੀ। ਬੇਗਾਨੇ ਘਰਾਂ ਵਿੱਚ ਝਾੜੂ ਪੋਚੇ ਦਾ ਕੰਮ ਕਰਦੀ ਨੇ, ਲੋਕਾਂ ਦੀਆਂ ਚੰਗੀਆਂ ਮਾੜੀਆਂ ਗੱਲਾਂ ਵੀ ਸੁਣੀਆਂ। ਪਰ ਉਸ ਨੇ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਸ਼ਾਂਤ ਸੁਭਾਉ ਵਾਲੀ ਇਹ ਸਿਰੜੀ ਔਰਤ ਕਦੀ ਵੀ ਜ਼ਿੰਦਗੀ ਦੀਆਂ ਔਕੜਾਂ ਤੋਂ ਘਬਰਾਈ ਨਹੀ।

ਉਹ ਕਿਹਾ ਕਰਦੀ,"ਲੋਕ ਬੋਲਦੇ ਆ ਤਾਂ ਬੋਲੀ ਜਾਣ। ਕਿਸੇ ਨੇ ਮੈਨੂੰ ਖਾਣ ਨੂੰ ਨੀ ਦੇਣਾ। ਪੁੱਤ ਤਾਂ ਸਿਆਣਿਆਂ ਦੀਆਂ ਜੜ੍ਹਾਂ ਹੁੰਦੇ ਆ। ਬੁੱਢਾ ਰੁੱਖ ਜੜ੍ਹਾਂ ਦੇ ਸਹਾਰੇ ਈ ਝੱਖੜਾਂ ਦੀ ਪਰਵਾਹ ਨੀ ਕਰਦਾ। ਬਸ ਏਹ ਪਲ਼ ਜਾਣ, ਆਪੇ ਮਾਂਦਗੀ ਚੁੱਕੀ ਜਾਉ।" ਸਮਾਂ ਲੰਘ ਗਿਆ। ਵੱਡਾ ਮੁੰਡਾ ਧਰਮਾਂ ਖੇਤੀ 'ਚ ਜੁਟ ਗਿਆ। ਛੋਟਾ ਸ਼ੀਰਾ ਟਰੱਕ ਡਰਾਇਵਰ ਬਣ ਗਿਆ।

ਸਿਆਣੇ ਆਖਦੇ ਹਨ, ਲੇਖਾਂ ਵਿੱਚ ਦੁੱਖ-ਸੁੱਖ ਵਿਧਾਤਾ ਸੰਸਾਰ ਵਿੱਚ ਆਉਣ ਤੋਂ ਪਹਿਲਾਂ ਈ ਬੰਦੇ ਦੇ ਮੱਥੇ ਉੱਤੇ ਲਿਖ ਦਿੰਦਾ ਹੈ, ਜਿਹੜੇ ਸਮਾਂ ਆਉਣ 'ਤੇ ਆਪਣੇ ਆਪ ਉੱਘੜ ਪੈਂਦੇ ਹਨ। ਇੰਨ੍ਹਾਂ ਮੱਥੇ ਦੀਆਂ ਲਕੀਰਾਂ ਨੂੰ ਉਘਾੜਣ ਵਿੱਚ ਲੱਗੀ ਕਰਤਾਰੋ ਨੇ ਹੱਥਾਂ ਦੀਆਂ ਲਕੀਰਾਂ ਵੀ ਘਸਾ ਲਈਆਂ। ਏਧਰੋਂ ਓਧਰੋਂ ਪੈਸੇ ਮੰਗ ਚੁੰਗ ਕੇ ਕਰਤਾਰੋ ਨੇ ਧਰਮੇ ਦਾ ਵਿਆਹ ਕਰ ਦਿੱਤਾ। ਨਕਰਮਣ ਕਰਤਾਰੋ ਨੂੰ ਕੀ ਪਤਾ ਸੀ ਕਿ ਮੱਥੇ ਦੀਆਂ ਲਕੀਰਾਂ 'ਚ ਉਹ ਲੇਖ ਵਿਧਾਤਾ ਨੇ ਲਿਖੇ ਹੀ ਨਹੀਂ, ਜਿੰਨ੍ਹਾਂ ਦੀ ਆਸ ਓਸ ਨੂੰ ਸੀ, ਤਾਂ ਉੱਘੜਨੇ ਕਿੱਥੋਂ ਸੀ। ਮੁੰਡੇ ਦੇ ਵਿਆਹ 'ਚ ਉਹ ਦਹੇਜ ਦੇ ਬਦਲੇ ਕਲੇਸ਼ ਲੈ ਆਈ। ਨੂੰਹ ਸੀਬੋ ਐਸੀ ਕੁਪੱਤੀ ਮਿਲੀ, ਇਕ ਮਹੀਨਾ ਨੀ ਟੱਬਰ 'ਚ ਕੱਟਿਆ। ਨਿੱਤ ਚੜ੍ਹਦੇ ਸੂਰਜ ਨਾਲ ਉਸ ਦੀ ਬੈਟਰੀ ਚਾਰਜ ਹੋ ਜਾਂਦੀ। ਕਰਤਾਰੋ ਨੂੰ ਲੜਨਾ ਨਹੀਂ ਸੀ ਆਉਂਦਾ, ਨਾ ਹੀ ਆਂਢ ਗੁਆਂਢ ਨੇ ਕਦੀ ਉਸ ਨੂੰ ਉੱਚੀ ਬੋਲਦੀ ਸੁਣਿਆ ਸੀ। ਜਿੰਨਾ ਕਰਤਾਰੋ ਘਟ ਬੋਲਦੀ, ਓਨੀ ਸੀਬੋ ਜ਼ਿਆਦਾ ਖੌਰੂ ਪੁੱਟਦੀ। ਇਕ ਦਿਨ ਤਾਂ ਸੀਬੋ ਨੇ ਕਰਤਾਰੋ ਨੂੰ ਗੁੱਤੋਂ ਫੜ ਕੇ ਸੁਹਾਗੇ ਵਾਂਗ ਘੜੀਸ ਕੇ ਘਰੋਂ ਬਾਹਰ ਕਰ ਦਿੱਤਾ।

ਧਰਮਾਂ ਨਿੱਤ ਦੇ ਕਲੇਸ਼ ਤੋਂ ਤੰਗ ਆ ਗਿਆ। ਅਖੀਰ ਇਕ ਦਿਨ ਉਹ ਸੀਬੋ ਨੂੰ ਲੈ ਕੇ ਅੱਡ ਹੋ ਗਿਆ। ਛੋਟਾ ਤਾਂ ਜੋ ਕਮਾਉਂਦਾ, ਖਾ-ਪੀ ਜਾਂਦਾ। ਕਰਤਾਰੋ ਵਿਚਾਰੀ ਕੀ ਕਰਦੀ। ਆਦਮੀ ਨੇ ਕਦੀ ਉਸ ਦੇ ਹੱਥ 'ਤੇ ਧੇਲੀ ਨਹੀਂ ਸੀ ਰੱਖੀ, ਹੁਣ ਪੁੱਤਾਂ ਉੱਤੇ ਕਾਹਦਾ ਜ਼ੋਰ।

ਚਲੋ ਹੁਣ ਪੈਂਨਸ਼ਨ ਮਿਲਣ ਲੱਗ ਪਈ। ਦੋਨਾ ਜੀਆਂ ਦਾ ਗੁਜ਼ਾਰਾ ਸੋਹਣਾ ਚਲ ਪਿਆ। ਘਰ ਵਿੱਚ ਸਰੱਗੀ ਹੋ ਗਈ। ਕੱਟੀਆਂ ਜੇਲ੍ਹਾਂ ਦੇ ਦੁੱਖ ਵਤਨ ਸਿੰਘ ਨੂੰ ਵੀ ਭੁੱਲ ਗਏ। ਹੁਣ ਵੱਖਰਾ ਹੋਇਆ ਪੁੱਤ ਵੀ ਪੁੱਛ-ਗਿਛ ਕਰਨ ਲੱਗ ਪਿਆ। ਉਹ ਵੀ ਚਾਹੁੰਦਾ ਕਿ ਭਾਈਆ ਤੇ ਬੇਬੇ ਮੇਰੇ ਕੋਲ ਅਰਾਮ ਨਾਲ ਰਹਿਣ। ਵਤਨ ਸਿੰਘ ਤਾਂ ਮੰਨ ਵੀ ਗਿਆ ਪਰ ਕਰਤਾਰੋ ਨੇ ਨਾਹ ਕਰ ਦਿੱਤੀ। "ਸੀਬੋ ਦਾ ਤੈਨੂੰ ਪਤਾ ਨੀ? ਕੱਲ੍ਹ ਨੂੰ ਫੇਰ ਕੱਢ ਕੇ ਬਾਹਰ ਮਾਰੂ। ਤੂੰ ਤਾਂ ਘਰ ਵੜਨਾ ਨੀ, ਮੇਰੇ ਕਾਹਨੂੰ ਬੁਢੇ ਵਾਰੇ ਝਾਟੇ 'ਚ ਘੱਟਾ ਪੁਆਉਂਦਾਂ। ਜਿਥੇ ਬੈਠੀ ਆਂ ਬੈਠੀ ਰਹਿਣ ਦੇ"।

ਇੱਕ ਦਿਨ ਵਤਨ ਸਿੰਘ ਨਾਲ ਦੇ ਕਸਬੇ ਵਾਲੇ ਬੈਂਕ ਤੋਂ ਪੈਂਨਸ਼ਨ ਲੈਣ ਗਿਆ। ਉੱਥੇ ਅਚਾਨਕ ਦਿਲ ਦਾ ਦੌਰਾ ਪਿਆ ਤੇ ਥਾਂ ਉੱਤੇ ਹੀ ਖਤਮ ਹੋ ਗਿਆ। ਘਰ ਆ ਕੇ ਧਰਮੇ ਦੀ ਘਰ ਵਾਲੀ ਨੂੰ ਕਿਸੇ ਨੇ ਵਤਨ ਸਿੰਘ ਦੀ ਮੌਤ ਦਾ ਸੁਨੇਹਾ ਦੇ ਦਿੱਤਾ, "ਤੁਹਾਡਾ ਬਜ਼ੁਰਗ ਅੱਡੇ 'ਚ ਡਿਗ ਕੇ ਪੂਰਾ ਹੋ ਗਿਆ ਹੈ, ਜਾ ਕੇ ਲੈ ਆਓ"।

ਧਰਮਾ ਆਵਾਜ਼ ਸੁਣ ਕੇ ਬਾਹਰ ਨਿਕਲਿਆ। ਸੀਬੋ ਨੇ ਝੱਟ ਬਾਹੋਂ ਫੜ ਕੇ ਅੰਦਰ ਨੂੰ ਖਿਚ ਲਿਆ।"ਚੁੱਪ ਕਰਕੇ ਨਿਕਲ ਜਾਹ ਖੇਤਾਂ ਵੱਲ ਨੂੰ, ਮੈਂ ਕਹਿ ਦਿੱਤਾ, ਉਹ ਘਰੇ ਨੀ। ਅਸੀਂ ਕਾਹਨੂੰ ਚੱਕੀਏ, ਅਸੀਂ ਵੇਹਲੇ ਨੀ ਚੁੱਕਣ ਨੂੰ, ਸਾਨੂੰ ਰੋਕੜੀਆਂ ਨੀ ਦੇ ਗਿਆ ਉਹ। ਉਹ ਕਿੱਥੇ ਉੱਜੜ ਗਿਆ ਅੱਜ? ਜਿਹੜਾ ਖਾਂਦਾ ਸੀ ਬੁੜ੍ਹੇ ਦੀਆਂ ਪੈਂਨਸ਼ਨਾਂ। ਆਪੇ ਚੱਕੂ ਅਸੀਂ ਕੋਈ ਠੇਕਾ ਨੀ ਲਿਆ, ਜਿਹੜਾ ਖਾਵੇ ਓਹੀ ਸੰਭਾਲੇ"।

ਜਦੋ ਤੱਕ ਸ਼ੀਰਾ ਘਰ ਪਹੁੰਚਿਆ, ਜਾਣ-ਪਛਾਣ ਵਾਲਿਆਂ ਵਤਨ ਸਿੰਘ ਦੇ ਮ੍ਰਿਤਕ ਸਰੀਰ ਨੂੰ ਘਰ ਪਹੁੰਚਾ ਦਿੱਤਾ। ਆਂਢ-ਗੁਆਂਢ ਦੇ ਸਮਝਾਉਣ 'ਤੇ ਵੀ ਧਰਮਾ ਸੋਗ ਵਾਲੇ ਵਿਛਾਏ ਕਪੜੇ 'ਤੇ ਬੈਠਣ ਵੀ ਨਾ ਆਇਆ।

"ਜੀਨੂੰ ਲੋੜ ਆ ਸਾਡੀ, ਆ ਜਾਏ ਸਾਡੇ ਕੋਲ, ਪਹਿਲਾਂ ਹਿਸਾਬ ਕਰੇ ਬੰਦਿਆਂ ਵਾਂਗ ਬੈਠ ਕੇ" ਧਰਮਾ ਸੀਬੋ ਦੀ ਰਟਾਈ ਤੋਤੇ ਵਾਲੀ ਬੋਲੀ ਜਾਂਦਾ।

ਬੇਬੇ ਦੀ ਪੈਂਨਸ਼ਨ ਰੁੱਕ ਗਈ। ਕਾਗਜ਼ ਤਿਆਰ ਕਰਨ ਵਿੱਚ ਤਿੰਨ-ਚਾਰ ਮਹੀਨੇ ਨਿਕਲ ਗਏ। ਕਰਤਾਰੋ ਨੂੰ ਫਿਰ ਤੰਗੀ ਨੇ ਆ ਘੇਰਿਆ। ਦੋਨੋ ਪੁੱਤ ਉਸ ਦੀ ਬਾਤ ਨਾ ਪੁੱਛਦੇ।

ਬੇਬੇ ਨੂੰ ਫਿਰ ਚਰਖਾ ਚੁੱਕਣਾ ਪਿਆ।

ਇਕ ਦਿਨ ਸ਼ਾਮ ਨੂੰ ਧਰਮਾਂ ਖੇਸੀ ਦੀ ਬੁੱਕਲ ਮਾਰ ਕੇ ਬੇਬੇ ਕੋਲ ਪੈਰ ਘੜੀਸਦਾ ਆ ਗਿਆ। ਲੱਗਾ ਹੰਝੂ ਸੁੱਟਣ, "ਬੇਬੇ ਮੈਂ ਤਾਂ ਮੂਰਖ ਐਵੇਂ ਸ਼ਰੀਕੇ ਪਿੱਛੇ ਲੱਗ ਕੇ ਭਾਈਏ ਨਾਲ ਗੁੱਸਾ ਹੁੰਦਾ ਰਿਹਾ। ਭਾਈਆ ਦਿਲ ਦਾ ਐਨਾ ਮਾੜਾ ਨੀ ਸੀ, ਜਿੰਨਾ ਲੋਕ ਕਹਿੰਦੇ ਸੀ। ਬੇਬੇ ਹੁਣ ਤਾਂ ਜਿਹੜੀ ਗਲਤੀ ਹੋਣੀ ਸੀ ਹੋ ਗਈ। ਸਮਾਂ ਪਿਛਲੇ ਪੈਰੀਂ ਨੀ ਕਦੀ ਮੁੜਿਆ। ਜੋ ਹੋ ਗਿਆ ਉਹ ਭੁੱਲ ਜਾ। ਮੈਨੂੰ ਮੁਆਫ਼ ਕਰ ਦੇ। ਕੀ ਪਤਾ ਭਾਈਏ ਦੀ ਸੇਵਾ ਮੇਰੇ ਕਰਮਾਂ ਵਿੱਚ ਨਾ ਹੋਉ। ਪਰ ਤੂੰ ਫ਼ਿਕਰ ਨਾ ਕਰ, ਮੈਂ ਤੈਨੂੰ ਨੀ ਐਦਾਂ ਰੁਲਣ ਦਿੰਦਾ। ਮੇਰੇ ਸਾਹਮਣੇ ਮੇਰੀ ਮਾਂ ਦੋ ਰੋਟੀਆਂ ਖਾਤਰ ਚੁੱਲ੍ਹਿਆਂ ਵਿੱਚ ਹੱਥ ਸਾੜੇ, ਲਾਹਨਤ ਹੈ ਮੇਰੇ ਤੇ। ਬੇਬੇ ਮੈਂ ਐਨਾ ਵੀ ਹੈਂਸਿਆਰਾ ਨੀ ਕਿ ਅੱਖਾਂ ਬੰਦ ਕਰੀ ਦੇਖੀ ਜਾਵਾਂ। ਉੱਠ ਚੱਲ ਮੇਰੇ ਨਾਲ। ਪੈਂਨਸ਼ਨ ਨਹੀਂ ਮਿਲਦੀ ਤਾਂ ਨਾ ਸਹੀ। ਦੋ ਰੋਟੀਆਂ ਈ ਖਾਣੀਆਂ, ਜਿੱਥੇ ਮੈਂ ਖਾਊਂ ਸੁੱਕੀ-ਪੱਕੀ, ਉੱਥੇ ਤੈਨੂੰ ਨਾ ਮਿਲੂ?",ਧਰਮਾਂ ਬੇਰੋਕ ਬੋਲਦਾ ਰਿਹਾ।

ਬੇਬੇ ਹੈਰਾਨ ਸੀ ਕਿ ਧਰਮੇ ਨੂੰ ਕਿੱਥੇ ਮੇਰਾ ਐਨਾਂ ਤਿਹੁ ਜਾਗ ਪਿਆ। ਪਿਉ ਦੇ ਮਰਨੇ ਤੇ ਤਾਂ ਮੇਰੇ ਮੱਥੇ ਵੀ ਨੀ ਲੱਗਾ। ਅੱਜ ਕਿਥੋਂ ਸੇਵਾ ਕਰਨ ਦੀ ਸੁੱਝ ਪਈ। ਕੋਈ ਹੋਰ ਗਲ ਹੋਣੀ ਆਂ। ਆਖਿਰ ਬੇਬੇ ਨੇ ਧਰਮੇ ਨੂੰ ਜਨਮ ਦਿੱਤਾ ਸੀ। ਉਸ ਦੀ ਨਬਜ਼ ਨੂੰ ਕਿਵੇਂ ਨਾ ਪਛਾਂਣਦੀ। ਪਰ ਪੱਕੀ ਗੱਲ ਉਸ ਦੇ ਸਮਝ ਨਾ ਪਈ।

"ਕੋਈ ਗੱਲ ਨੀ ਕਾਕਾ, ਹਾਲੇ ਚੱਲੀ ਜਾਂਦੀਆਂ। ਜਦੋਂ ਨਾ ਪੱਕਣਗੀਆਂ, ਤੁਸੀਓਂ ਦੇਣੀਆਂ। ਨਾਲੇ ਸ਼ੀਰੇ ਨੂੰ ਗੱਡੀ ਤੋਂ ਆਉਣ ਦੇ। ਸਲਾਹ ਕਰਦੀ ਆਂ ਊਦੇ ਨਾਲ", ਕਰਤਾਰੋ ਨੇ ਧਰਮੇ ਨੂੰ ਟਾਲ ਦਿੱਤਾ

"ਨਾਂਹ ਊਦੇ ਨਾਲ ਕੀ ਸਲਾਹ ਕਰਨੀ ਆ। ਹਾਲੇ ਦੋ ਮਹੀਨੇ ਤਾਂ ਮੁੜਨਾ ਨੀ ਊਨੇ। ਜੇ ਮੇਰੇ ਕੋਲ ਰਹਿਣ ਦਾ ਨਾ ਮਨ ਕੀਤਾ ਤਾਂ ਮੁੜ ਕੇ ਆ ਜਾਈਂ ਫਿਰ। ਮੈਂ ਕਿਹੜਾ ਰੋਕਣ ਲੱਗਾਂ",ਧਰਮੇ ਨੇ ਮਾਂ ਨੂੰ ਅੱਗਿਓਂ ਘੇਰਿਆ।

"ਨਹੀਂ ਕਾਕਾ ਮੈਨੂੰ ਹੁਣ ਏਥੇ ਈ ਬਚਦੇ ਸਾਹ ਲੈ ਲੈਣ ਦੇ। ਆਹ ਤੇਰੇ ਬਾਪ ਦਾ ਘਰ ਆ। ਤੁਸੀਂ ਆਪਣੇ ਘਰ ਰਾਜੀ ਖੁਸ਼ੀ ਰਹੋ",ਬੇਬੇ ਨੇ ਵੀ ਆਪਣੇ ਦਿਲ ਦੀ ਸੁਣਾ ਦਿੱਤੀ। ਧਰਮਾ ਚਲਾ ਤਾਂ ਗਿਆ ਪਰ ਉਸ ਦੇ ਮਨ ਨੂੰ ਚੈਨ ਨਾ ਆਈ। ਘਰ ਜਾ ਕੇ ਸੀਬੋ ਨਾਲ ਗੱਲ ਕੀਤੀ ਤਾਂ ਉਹ ਟੁੱਟੀ ਕੁਹਾੜੀ ਵਾਂਗ ਪਈ,"ਨਾਹ, ਸ਼ੀਰਾ ਬਹੁਤਾ ਪੱਟ ਪਾੜ ਕੇ ਨਿਕਲਿਆ ਤੇਰੇ ਨਾਲੋਂ, ਜੀਹਨੂੰ ਬੁੱਢੜੀ ਲੁਟਾਈ ਜਾਂਦੀ ਆ ਸਭ ਕੁੱਝ। ਏਹ ਦੇਈ ਜਾਂਦੀ ਆ, ਉਹ ਖਾਈ ਜਾਂਦਾ। ਤੂੰ ਬੂਧੂ ਬਣਿਆ ਦੇਖੀ ਜਾ ਕੋਲ ਬੈਠਾ। ਗੱਲ ਸੁਣ ਲੈ ਕੰਨ ਖੋਲ੍ਹ ਕੇ, ਆਹ ਸਾਰੇ ਪੈਸੇ ਮੇਰੇ ਘਰ ਆਉਣੇ ਚਾਹੀਦੇ, ਕੱਲ੍ਹ ਤੱਕ। ਨਹੀਂ ਤਾਂ ਬੋਰੀਆ ਬਿਸਤਰਾ ਚੁੱਕ ਤੇ ਚਲਾ ਜਾਹ ਤੂੰ ਵੀ ਉੱਥੇ ਈ ਬੁੱਢੜੀ ਕੋਲ"।

ਧਰਮਾ ਸੀਬੋ ਦੇ ਗੁੱਸੇ ਨੂੰ ਚੰਗੀ ਤਰਾਂ ਜਾਣਦਾ ਸੀ। ਉਹ ਨੀਵੀਂ ਪਾਈ ਨਿਮਾਣਾ ਜਿਹਾ ਹੋ ਕੇ ਬੋਲਿਆ "ਮੈਂ ਤਾਂ ਬਥੇਰਾ ਕਿਹਾ, ਉਹ ਨਹੀਂ ਮੰਨੀ, ਦਸ ਮੈਂ ਕੀ ਕਰਾਂ। ਖੂਹ 'ਚ ਛਾਲ ਮਾਰ ਦੇਵਾਂ"? ਧਰਮੇ ਨੇ ਇਕ ਤਰਾਂ ਨਾਲ ਹੱਥ ਖੜ੍ਹੇ ਕਰਕੇ ਸੀਬੋ ਕੋਲ ਆਪਣੀ ਬੇਬਸੀ ਜਾਹਰ ਕਰ ਦਿੱਤੀ।

"ਤੇਰੇ ਤੋਂ ਨੀ ਹੋਣਾ ਕੁੱਛ ਵੀ, ਲੈ ਹੁਣ ਮੈਂ ਕਰਦੀ ਆਂ"। ਫਿਰ ਨੇੜੇ ਆ ਕੇ ਉਸ ਨੇ ਧਰਮੇ ਨੂੰ ਕੁੱਝ ਕਿਹਾ। ਉਸ ਨੇ ਵੀ ਹਾਂਅ ਵਿੱਚ ਹਾਂਅ ਮਿਲਾ ਦਿੱਤੀ।

ਰਾਤ ਨੂੰ ਸੀਬੋ ਤੇ ਧਰਮਾ ਉਠੇ। ਸੁੱਤੀ ਹੋਈ ਬੇਬੇ ਨੂੰ ਦੋਹਾਂ ਨੇ ਬਾਹਾਂ ਤੋਂ ਫੜਿਆ ਤੇ ਪੌੜੀਆਂ ਵਿੱਚ ਘੜੀਸਦੇ ਹੋਏ ਚੁਬਾਰੇ ਵਾਲੇ ਕਮਰੇ 'ਚੋਂ ਥੱਲੇ ਆਪਣੇ ਕਮਰੇ ਵਿੱਚ ਲੈ ਗਏ। ਬੇਬੇ ਦੇ ਪੈਰਾਂ ਦੀਆਂ ਅੱਡੀਆਂ ਛਿੱਲੀਆਂ ਗਈਆਂ। ਉਹ ਨੇ ਸੀਬੋ ਦੀਆਂ ਮਿੰਨਤਾਂ ਕੀਤੀਆਂ, ਤਰਲੇ ਕੀਤੇ, ਪਰ ਸੀਬੋ ਨੇ ਬੇਬੇ ਦੀ ਇਕ ਨਾ ਸੁਣੀ।

ਇਕ ਮੰਜੀ ਉਤੇ ਸੁੱਟਦੀ ਹੋਈ ਸੀਬੋ ਨੇ ਬੇਬੇ ਦੇ ਹੱਥ ਇਕ ਕਾਗਜ਼ ਫੜਾ ਦਿੱਤਾ, "ਲੈ ਫੜ, ਲਾ ਅੰਗੂਠਾ ਸਾਰੀ ਪੈਂਨਸ਼ਨ 'ਤੇ, ਇਹ ਮੈਂ ਲੈਣੀ ਇਸ ਵਾਰੀ। ਕੱਲ੍ਹ ਨੂੰ ਬੈਂਕ ਜਾਣਾ ਸਾਡੇ ਨਾਲ। ਜੇ ਓਥੇ ਜਾ ਕੇ ਤਿੜ-ਫਿੜ ਕੀਤੀ, ਤਾਂ ਘਰ ਆ ਕੇ ਤੇਰੀ ਉਹ ਹਾਲਤ ਕਰੂੰ ਜੋ ਯਾਦ ਰਹੂ ਜ਼ਿੰਦਗੀ ਭਰ"। ਸੀਬੋ ਨੇ ਧਮਕੀ ਵੀ ਦੇ ਦਿੱਤੀ।

ਵਿਚਾਰੀ ਬੇਬੇ ਡਰ ਗਈ। ਕੀ ਪਤੈ ਇਸ ਚੰਡਾਲ ਦਾ, ਕੀ ਕਰ ਦੇਵੇ। ਬੇਬੇ ਨੇ ਚੁੱਪ-ਚਾਪ ਆਪਣਾ ਅੰਗੂਠਾ ਲਾ ਦਿੱਤਾ। ਅਗਲੇ ਦਿਨ ਬੈਂਕ ਖੁਲ੍ਹਦੇ ਹੀ ਤਿੰਨੇ ਜਣੇ ਸਾਰਾ ਪੈਸਾ ਕਢਵਾ ਲਿਆਏ। ਬੇਬੇ ਨੇ ਕੋਈ ਹੀਲ-ਹੁੱਜਤ ਨਾ ਕੀਤੀ।

ਬੇਬੇ ਨੂੰ ਪੌੜੀਆਂ ਕੋਲ ਛੱਡ ਕੇ ਸੀਬੋ ਤੇ ਧਰਮਾ ਆਪਣੇ ਕਮਰੇ ਵਿੱਚ ਜਾ ਵੜੇ। ਬੇਬੇ ਕੰਧ ਦਾ ਸਹਾਰਾ ਲੈਂਦੀ ਹੋਈ ਹੌਲੀ ਹੌਲੀ ਪੌੜੀਆਂ ਚੜ੍ਹ ਕੇ ਫਿਰ ਆਪਣੇ ਬਿਸਤਰੇ ਤੇ ਆ ਪਈ। ਉਹ ਸੋਚਦੀ ਰਹੀ।"ਜੇ ਪੈਸੇ ਈ ਲੈਣੇ ਸਨ ਤਾਂ ਆਹ ਲੱਛਣ ਕਰਨ ਦੀ ਕੀ ਲੋੜ ਸੀ। ਉਂਜ ਈ ਮੰਗ ਲੈਂਦੇ"। ਇਕ ਹਾਉਕਾ ਜਿਹਾ ਲੈਂਦੀ ਦੇ ਬੁੱਲ੍ਹ ਫੜਕਣ ਲੱਗੇ, "ਜੇ ਆਪਣੀਆਂ ਹੀ ਜੜ੍ਹਾਂ ਬੋਦੀਆਂ ਹੋ ਜਾਣ ਤਾਂ ਝੱਖੜਾਂ ਨੂੰ ਕਾਹਦਾ ਦੋਸ਼"। ਬੇਬੇ ਨੇ ਚਾਦਰ ਦਾ ਪੱਲਾ ਮੂੰਹ ਉੱਤੇ ਖਿਚ ਲਿਆ।

* * * * *

## ਪੁਰਜ਼ੋਰ ਅਪੀਲ

ਸਾਲ 2022 ਦੇ ਅਪ੍ਰੈਲ ਮਹੀਨੇ ਦੇ ਪਹਿਲੇ ਹਫ਼ਤੇ "ਸਾਲਾਨਾ ਸੈਣੀ ਸੰਮੇਲਨ" ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਵਿੱਚ ਸਮਾਜ ਅਤੇ ਬਰਾਦਰੀ ਦੀਆਂ ਸਮੱਸਿਆਵਾਂ 'ਤੇ ਵਿਚਾਰਵਟਾਂਦਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬਰਾਦਰੀ ਦੀਆਂ ਸਫ਼ਲ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਬਰਾਦਰੀ ਦੇ ਸਮੂਹ ਚੇਤਨ ਵਿਅਕਤੀਆਂ ਨੂੰ ਅਪੀਲ ਹੈ ਕਿ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਮਨੁੱਖੀ ਵਿਕਾਸ ਦੇ ਆਲੰਬਰਦਾਰ

# ਨੋਬਲ ਪੁਰਸਕਾਰ ਵਿਜੇਤਾ-2021


ਦਵਿੰਦਰ ਸਿੰਘ ਜਟਾਣਾ
ਰੂਪਨਗਰ



ਨੋਬਲ ਪੁਰਸਕਾਰ ਵਿਸ਼ਵਪੱਧਰੀ ਛੇ ਵਕਾਰੀ ਇਨਾਮ ਹਨ ਜੋ ਕਿ ਮਨੁੱਖੀ ਵਿਕਾਸ ਦੇ ਭਿੰਨ ਭਿੰਨ ਖੇਤਰਾਂ ਵਿੱਚ ਇਨਕਲਾਬੀ ਖੋਜਾਂ ਕਰਨ ਵਾਲੇ ਕਰਮਯੋਗੀਆਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਇਹ ਪੁਰਸਕਾਰ ਸਵੀਡਨ ਦੇਸ਼ ਦੇ ਵਿਗਿਆਨੀ ਤੇ ਕਾਰੋਬਾਰੀ ਅਲਫਰਡ ਵਲੋਂ 1895 ਵਿੱਚ ਕੀਤੀ ਵਸੀਅਤ ਅਨੁਸਾਰ ਉਸ ਦੀ ਜਾਇਦਾਦ ਦੇ ਪੈਸੇ ਨਾਲ ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਸਾਹਿਤ, ਸਰੀਰ ਤੇ ਚਕਿਤਸਾ ਵਿਗਿਆਨ, ਅਰਥ ਸ਼ਾਸਤਰ ਤੇ ਵਿਸ਼ਵ ਸ਼ਾਂਤੀ ਦੇ ਖੇਤਰਾਂ ਲਈ ਦਿੱਤੇ ਜਾਂਦੇ ਹਨ। ਇਨ੍ਹਾਂ ਵਿੱਚੋਂ ਪੰਜ ਪੁਰਸਕਾਰਾਂ ਦਾ ਆਰੰਭ 1901ਵਿੱਚ ਹੋਇਆ ਜਦੋਂ ਕਿ ਛੇਵਾਂ ਅਰਥ ਸ਼ਾਸਤਰ ਦਾ ਇਨਾਮ ਬਾਅਦ ਵਿੱਚ ਸ਼ੁਰੂ ਕੀਤਾ ਗਿਆ। ਸਾਲ 2020 ਤੱਕ 609 ਨੋਬਲ ਪੁਰਸਕਾਰ 941 ਵਿਅਕਤੀਆਂ ਨੂੰ ਦਿੱਤੇ ਗਏ ਹਨ। ਇਹ ਇਨਾਮ ਰਾਇਲ ਸਵੀਡਿਸ਼ ਅਕੈਡਮੀ ਵਲੋਂ ਬਣਾਈ ਪੰਜ ਮੈਂਬਰੀ ਚੋਣ ਕਮੇਟੀ ਦੀ ਸਿਫਾਰਸ਼ 'ਤੇ ਹਰ ਸਾਲ 10 ਦਸੰਬਰ ਨੂੰ ਅਲਫਰਡ ਨੋਬਲ ਦੀ ਬਰਸੀ 'ਤੇ ਸਟਾਕਹਾਮ ਵਿਖੇ ਪ੍ਰਦਾਨ ਕੀਤੇ ਜਾਂਦੇ ਹਨ। ਹਰ ਪੁਰਸਕਾਰ ਵਿੱਚ ਇੱਕ ਡਿਪਲੋਮਾ, ਇੱਕ ਤਮਗਾ ਅਤੇ 10 ਮਿਲੀਅਨ ਕਰੋਨਾ ( 1.1 ਮਿਲੀਅਨ ਡਾਲਰ) ਦਿੱਤੇ ਜਾਂਦੇ ਹਨ।

ਸਾਲ 2021 ਲਈ 13 ਬੁੱਧੀਜੀਵੀਆਂ ਨੂੰ ਇਹ ਪੁਰਸਕਾਰ ਦੇਣ ਲਈ ਚੁਣਿਆਂ ਗਿਆ ਹੈ ਜਿਨ੍ਹਾਂ ਦੇ ਵੇਰਵੇ ਹੇਠ ਅਨੁਸਾਰ ਹਨ-

**ਭੌਤਿਕ ਵਿਗਿਆਨ**-ਇਹ ਪੁਰਸਕਾਰ ਤਿੰਨ ਵਿਗਿਆਨੀਆਂ- ਜਾਪਾਨ ਦੇ ਸਿਉਕੂਰੋ ਮਨਾਥ ( ਉਮਰ 90 ਸਾਲ ),



ਜਰਮਨੀ ਦੇ ਕਲਾਸ ਹੈਸਲਮੈਨ( ਉਮਰ 89 ਸਾਲ) ਤੇ ਇਟਲੀ ਦੇ ਜਾਰਜੀਓ ਪਾਰਿਸੀ (ਉਮਰ 73 ਸਾਲ) ਨੂੰ ਦਿੱਤਾ ਗਿਆ ਹੈ। ਇਨ੍ਹਾਂ ਭੌਤਿਕ ਵਿਗਿਆਨੀਆਂ ਨੇ ਵਾਤਾਵਰਨ ਵਿੱਚ ਹੋ ਰਹੇ ਤਾਪਮਾਨ ਦੇ ਵਾਧੇ ਦੇ ਕਾਰਨਾਂ, ਇਨ੍ਹਾਂ ਦੇ ਮਨੁੱਖੀ ਸਿਹਤ 'ਤੇ ਪੈਂਦੇ ਪ੍ਰਭਾਵਾਂ ਅਤੇ ਉਨ੍ਹਾਂ ਨੂੰ ਨਿਯੰਤਰਿਤ ਕਰਨ ਲਈ ਮਾਡਲ ਤਿਆਰ ਕੀਤੇ ਹਨ।

**ਰਸਾਇਣ ਵਿਗਿਆਨ**- ਇਹ ਪੁਰਸਕਾਰ ਜਰਮਨੀ ਦੇ ਮੈਕਸ ਪਲੈਂਕ ਇੰਸਟੀਚਿਊਟ ਵਿੱਚ ਕੰਮ ਕਰਦੇ ਬੈਂਜਾਮਿਨ ਲਿਸਟ ਅਤੇ ਸਕਾਟਲੈਂਡ ਵਿੱਚ ਜਨਮੇ ਅਤੇ ਪ੍ਰਿੰਸਟਨ ਯੂਨੀਵਰਸਿਟੀ ਵਿੱਚ ਕਾਰਜਸ਼ੀਲ ਵਿਗਿਆਨੀ ਡੇਵਿਡ ਡਬਲਿਊ ਸੀ ਮੈਕਮਿਲਨ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਇਨ੍ਹਾਂ ਨੇ ਅਣੂਆਂ ਦੇ ਨਿਰਮਾਣ ਦਾ



ਸੌਖਾ ਤੇ ਨਵਾਂ ਰਾਹ ਲੱਭਿਆ ਹੈ ਜਿਸ ਦੀ ਵਰਤੋਂ ਦਵਾਈਆਂ ਅਤੇ ਭੋਜਨ ਉਤਪਾਦਨ ਲਈ ਕੀਤੀ ਜਾ ਸਕੇਗੀ।

**ਅਰਥ ਸ਼ਾਸਤਰ**-ਇਹ ਪੁਰਸਕਾਰ ਤਿੰਨ ਅਰਥ ਸ਼ਾਸਤਰੀਆਂ ਨੂੰ ਦਿੱਤਾ ਗਿਆ ਹੈ। ਇਹ ਹਨ-ਕੈਨੇਡਾ



ਵਿੱਚ ਜਨਮੇ ਅਤੇ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਵਿੱਚ ਕੰਮ ਕਰਦੇ ਡੇਵਿਡ ਕਾਰਡ, ਮੈਸੇਚੁਐਟਸ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਜੋਸ਼ੁਆ ਐਂਗਰਿਸਟ ਅਤੇ ਹਾਲੈਂਡ ਵਿੱਚ ਜਨਮੇ ਤੇ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਕੰਮ ਕਰਦੇ ਗੁਇਡ ਇਮਬੈਂਸ। ਇਨ੍ਹਾਂ ਨੇ ਘੱਟੋ ਘੱਟ ਉਜਰਤ, ਪਰਵਾਸ ਅਤੇ ਸਿੱਖਿਆ ਦੇ ਕਿਰਤ ਮੰਡੀ 'ਤੇ ਪੈਂਦੇ ਪ੍ਰਭਾਵਾਂ ਦਾ ਸੂਖਮ ਅਧਿਐਨ ਕੀਤਾ ਹੈ।

**ਸਰੀਰ ਵਿਗਿਆਨ ਅਤੇ ਦਵਾਈਆਂ**- ਇਸ ਪੁਰਸਕਾਰ ਲਈ ਯੂਨੀਵਰਸਿਟੀ ਆਫ ਕੈਲੇਫੋਰਨੀਆਂ ਦੇ ਡੈਵਿਡ ਜੂਲੀਅਸ ਅਤੇ ਕੈਲੇਫੋਰਨੀਆਂ ਦੀ ਸਕ੍ਰਿਪਸ ਰਿਸਰਚ ਲਾ ਜੋਲਾ ਦੇ ਆਰਡਮ ਪਾਟਾਪੁਟਿਅਨ ਨੂੰ ਚੁਣਿਆਂ



ਗਿਆ ਹੈ। ਇਨ੍ਹਾਂ ਨੇ ਮਨੁੱਖੀ ਸਰੀਰ ਵਲੋਂ ਬਾਹਰੀ ਤਾਪਮਾਨ ਅਤੇ ਦਬਾਅ ਨੂੰ ਪ੍ਰਾਪਤ ਕਰਨ ਅਤੇ ਝੱਲ ਲੈਣ ਦੇ ਢੰਗਾਂ ਦੀ ਖੋਜ ਕੀਤੀ ਹੈ।

**ਸਾਹਿਤ**-ਤਨਜ਼ਾਨੀਆਂ ਦੇਸ਼ ਦੇ ਲੇਖਕ ਅਬਦੁਲ ਰਜ਼ਾਕ ਗੁਰਨਾਹ ਨੂੰ ਇਹ ਪੁਰਸਕਾਰ ਬਸਤੀਵਾਦ ਦੇ ਪ੍ਰਭਾਵਾਂ ਨੂੰ ਬਿਨਾਂ ਸਮਝੌਤਾ ਕੀਤੇ ਸਮਝਣ ਅਤੇ ਸੱਭਿਆਚਾਰ ਤੇ ਮਹਾਂਦੀਪਾਂ ਵਿਚਲੀ ਖਾੜੀ 'ਚ ਫਸੇ ਸ਼ਰਨਾਰਥੀਆਂ ਦੀ ਕਿਸਮਤ ਨੂੰ ਬਿਆਨ ਕਰਨ ਲਈ ਦਿੱਤਾ



ਬਾਕੀ ਸਫਾ 31 'ਤੇ........



### ਸੈਣੀ ਭਵਨ ਦੇ ਟਰੱਸਟੀ

# ਸ. ਮਲਕੀਅਤ ਸਿੰਘ ਦਾ ਵਿਛੋੜਾ

**ਗੁਰਮੁਖ ਸਿੰਘ ਸੈਣੀ**
**ਸਾਬਕਾ ਐੱਮ.ਸੀ.**
**ਰੂਪਨਗਰ**

ਕਾਕਾ ਰਾਮ ਸੈਣੀ ਚੈਰੀਟੇਬਲ ਟਰਸਟ ਰੂਪਨਗਰ ਦੇ ਸਾਬਕਾ ਟਰੱਸਟੀ ਸ. ਮਲਕੀਅਤ ਸਿੰਘ ਮਹਿਤਪੁਰੀ 16 ਨਵੰਬਰ, 2021 ਨੂੰ ਆਪਣੇ ਨਿਵਾਸ ਸਥਾਨ ਕੋਠੀ ਨੰਬਰ 266 ਗਿਆਨੀ ਜ਼ੈਲ ਸਿੰਘ ਨਗਰ ਵਿਖੇ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਹਨ। ਆਪ ਇਸ ਸਮਾਜਸੇਵੀ ਸੰਸਥਾ ਦੇ ਮੁਢਲੇ ਟਰੱਸਟੀਆਂ ਵਿਚੋਂ ਇੱਕ ਸਨ। ਆਪ ਕੁੱਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ ਜਿਸ ਕਾਰਨ ਚਲਣ ਫਿਰਨ ਤੋਂ ਮਜ਼ਬੂਰ ਹੋ ਜਾਣ ਕਰਕੇ ਛੇ ਕੁ ਮਹੀਨੇ ਪਹਿਲਾਂ ਸੈਣੀ ਭਵਨ ਤੋਂ ਅਸਤੀਫਾ ਦੇਣਾ ਪਿਆ ਸੀ।

ਆਪ ਦਾ ਜਨਮ 1940 ਵਿੱਚ ਪੰਜਾਬ(ਹੁਣ ਪਾਕਿਸਤਾਨ) ਦੇ ਜ਼ਿਲ੍ਹਾ ਮੁਲਤਾਨ ਵਿੱਚ ਚੱਕ ਨੰਬਰ-15 ਵਿਖੇ ਸ਼ੀ ਦੇਵੀ ਚੰਦ ਦੇ ਕਿਸਾਨੀ ਸੈਣੀ (ਗੋਤ ਪੜਤੋਲਾ) ਵਿੱਚ ਹੋਇਆ। ਆਪ ਅਜੇ 7 ਸਾਲ ਦੇ ਹੀ ਸਨ ਕਿ ਦੇਸ਼ ਦੀ ਵੰਡ ਹੋ ਗਈ ਜਿਸ ਕਾਰਨ ਸਾਰੇ ਪਰਿਵਾਰ ਨੂੰ ਉੱਧਰੋਂ ਉਜੜ ਕੇ ਪੂਰਬੀ ਪੰਜਾਬ ਦੇ ਪਿੰਡ ਮਹਿਤਪੁਰ(ਉਲੱਦਣੀ) ਵਿੱਚ ਆਉਣਾ ਪਿਆ। ਇਹ ਪਿੰਡ ਨਵਾਂਸ਼ਹਿਰ ਜ਼ਿਲ੍ਹੇ ਦੇ ਕਸਬਾ ਬਲਾਚੌਰ ਦੇ ਲਹਿੰਦੇ ਵੱਲ ਤਿੰਨ ਕੁ ਕਿਲੋਮੀਟਰ ਦੂਰ ਨਹਿਰ ਕੰਢੇ ਸਥਿਤ ਹੈ। ਆਪ ਦੇ ਛੇ ਭਰਾ ਅਤੇ ਦੋ ਭੈਣਾ ਸਨ। ਆਪ ਨੇ ਮੈਟ੍ਰਿਕ ਦੀ ਪ੍ਰੀਖਿਆ ਬੀ.ਏ.ਵੀ ਹਾਈ ਸਕੂਲ ਬਲਾਚੌਰ ਤੋਂ ਅਤੇ ਖੇਤੀਬਾੜੀ ਵਿਸ਼ੇ ਵਿੱਚ ਬੀ.ਐਸ.ਸੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ। ਕੁਝ ਸਮਾਂ ਆਪ ਨੇ ਬਲਾਚੌਰ ਦੇ ਸਕੂਲ ਵਿੱਚ ਸਾਇੰਸ ਦਾ ਵਿਸ਼ਾ ਵੀ ਪੜ੍ਹਾਇਆ ਜਿੱਥੇ ਆਪ ਨੂੰ ਬਹੁਤ ਮਿਹਨਤੀ ਅਧਿਆਪਕ ਕਿਹਾ ਜਾਂਦਾ ਸੀ। ਪਰ ਉਨ੍ਹਾਂ ਦਾ ਸੁਫਨਾ ਤਾਂ ਬਹੁਤ ਵੱਡਾ ਵਿਗਿਆਨੀ ਬਣ ਕੇ ਕਿਸਾਨਾਂ ਦੀ ਸੇਵਾ ਕਰਨਾ ਸੀ। ਇਸ ਲਈ ਅਧਿਆਪਕ ਦੀ ਨੌਕਰੀ ਛੱਡ ਕੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਐਮ.ਐਸ.ਸੀ ਕਰਨ ਲਗ ਪਏ ਜਿਸ ਨੂੰ ਪੂਰਾ ਕਰਦਿਆਂ ਹੀ ਆਪ ਨੂੰ ਯੂਨੀਵਰਸਿਟੀ ਵਿੱਚ ਖੇਤੀ ਵਿਗਿਆਨੀ ਦੀ ਨੌਕਰੀ ਮਿਲ ਗਈ। ਇਸ ਦੇ ਨਾਲ ਹੀ ਆਪ ਨੇ ਖੇਤੀਬਾੜੀ ਵਿਸ਼ੇ ਵਿੱਚ ਪੀ.ਐਚ.ਡੀ ਕਰਨੀ ਵੀ ਸ਼ੁਰੂ ਕਰ ਦਿੱਤੀ ਪਰੰਤੂ ਨੌਕਰੀ ਦੇ ਰੁਝੇਵਿਆਂ ਕਾਰਨ ਡਿਗਰੀ ਹਾਸਲ ਨਹੀਂ ਕੀਤੀ ਜਾ ਸਕੀ। ਨੌਕਰੀ ਦੌਰਾਨ ਆਪ ਨੇ ਹੁਸ਼ਿਆਰਪੁਰ, ਪਟਿਆਲਾ, ਗੁਰਦਾਸਪੁਰ ਅਤੇ ਰੋਪੜ ਆਦਿ ਕਈ ਜ਼ਿਲ੍ਹਿਆਂ ਵਿੱਚ ਖੇਤੀਬਾੜੀ ਯੂਨੀਵਰਸਿਟੀ ਦੇ ਜ਼ਿਲ੍ਹਾ ਕਿਸਾਨ ਅਗਵਾਈ ਕੇਂਦਰਾਂ ਵਿੱਚ ਸੇਵਾ ਕੀਤੀ। ਇਸ ਕਾਰਨ ਹੀ ਆਪ ਨੂੰ ਪ੍ਰੋਫੈਸਰ ਕਿਹਾ ਜਾਣ ਲੱਗਾ। ਇਸ ਨੌਕਰੀ ਤੋਂ ਰਿਟਾਇਰ ਹੋ ਕੇ ਆਪ ਨੇ ਕੁੱਝ ਸਮਾਂ ਰੋਪੜ ਦੇ ਬਿਰਲਾ ਫਾਰਮ ਵਿੱਚ ਖੇਤੀ ਮਾਹਰ ਵਜੋਂ ਸੇਵਾ ਨਿਭਾਈ। ਇਸ ਉਪਰੰਤ ਕਈ ਸਾਲਾਂ ਤੱਕ ਵਿਸ਼ਵ ਸੰਸਥਾ ਯੂ.ਐਨ.ਓ ਦੇ ਪ੍ਰਾਜੈਕਟ ਅਧੀਨ ਅਫਰੀਕਾ ਦੇ ਪਿਛੜੇ ਦੇਸ਼ਾਂ ਯੁਗਾਂਡਾ, ਤਨਜ਼ਾਨੀਆਂ, ਕੀਨੀਆਂ, ਸੋਮਾਲੀਆ ਅਤੇ ਏਸ਼ੀਆ ਦੇ ਮੁਲਕ ਭੂਟਾਨ ਵਿੱਚ ਖੇਤੀਬਾੜੀ ਨੂੰ ਉੱਨਤ ਕਰਨ ਲਈ ਸੇਵਾਵਾਂ ਨਿਭਾਈਆਂ। ਆਪ ਨੇ ਇਨ੍ਹਾਂ ਦੇਸ਼ਾਂ ਦੇ ਜੰਗਲੀ ਅਤੇ ਪਹਾੜੀ ਖੇਤਰਾਂ ਵਿੱਚ ਜਾ ਕੇ ਜ਼ਮੀਨ ਨੂੰ ਪੱਧਰੀ ਕਰ ਕੇ ਨਵੀਆਂ ਵਿਧੀਆਂ ਨਾਲ ਖੇਤੀ ਕਰਨ ਦੀ ਸਿਖਲਾਈ ਦਿੱਤੀ। ਆਪ ਪੰਜਾਬ ਦੇ ਪ੍ਰਮੁੱਖ ਖੇਤੀ ਮਾਹਰਾਂ ਵਿੱਚ ਗਿਣੇ ਜਾਂਦੇ ਸਨ।



ਆਪ ਦੀ ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਦਿਹਾਣਾ ਦੇ ਪਰਿਵਾਰ ਵਿੱਚ ਸ਼੍ਰੀਮਤੀ ਸੁਰਿੰਦਰ ਕੌਰ ਨਾਲ ਹੋਈ। ਆਪ ਦੇ ਦੋ ਬੇਟੇ ਅਮਰਦੀਪ ਸਿੰਘ ਅਤੇ ਗਗਨਦੀਪ ਸਿੰਘ ਹਨ ਜੋ ਕਿ ਅਸਟ੍ਰੇਲੀਆ ਦੇਸ਼ ਦੇ ਪੱਕੇ ਵਸਨੀਕ ਬਣ ਕੇ ਆਪਣਾ ਕਾਰੋਬਾਰ ਕਰ ਰਹੇ ਹਨ। ਸ. ਮਲਕੀਅਤ ਸਿੰਘ ਆਪਣੀ ਨੌਕਰੀ ਤੋਂ ਵਿਹਲੇ ਹੋ ਕੇ ਸੈਣੀ ਭਵਨ ਨਾਲ ਜੁੜ ਕੇ ਸਮਾਜ ਸੇਵਾ ਕਰਦੇ ਰਹੇ। ਆਪ ਸੈਣੀ ਬਰਾਦਰੀ ਨੂੰ ਬਣਦਾ ਹੱਕ ਦਿਵਾਉਣ ਲਈ ਲਗਾਤਾਰ ਸੰਘਰਸ਼ਸ਼ੀਲ ਰਹਿੰਦੇ ਸਨ ਅਤੇ ਸੈਣੀ ਭਵਨ ਦੇ ਹਰ ਪ੍ਰੋਗ੍ਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਆਪ ਬਹੁਤ ਵਧੀਆ ਵਕਤਾ ਅਤੇ ਲਿਖਾਰੀ ਵੀ ਸਨ। ਆਪ ਦੀਆਂ ਰਚਨਾਵਾਂ ਅਕਸਰ ਹੀ ਸੈਣੀ ਭਵਨ ਦੇ ਮੈਗਜ਼ੀਨ 'ਸੈਣੀ ਸੰਸਾਰ' ਵਿੱਚ ਛਪਦੀਆਂ ਸਨ। ਜਦੋਂ ਉਹ ਅਸਟ੍ਰੇਲੀਆ ਵਿਚ ਆਪਣੇ ਬੇਟਿਆਂ ਪਾਸ ਜਾਂਦੇ ਤਾਂ ਉੱਥੇ ਵੀ ਗੁਰੂਦੁਆਰਾ ਸਾਹਿਬ ਵਿੱਚ ਤਨਦੇਹੀ ਨਾਲ ਸੇਵਾ ਕਰਦੇ ਸਨ। ਉਹ ਉਸ ਦੇਸ਼ ਦੇ ਕਈ ਪੰਜਾਬੀ ਮੈਗਜ਼ੀਨਾਂ ਵਿੱਚ ਆਪਣੇ ਆਰਟੀਕਲ ਛਪਣ ਲਈ ਭੇਜਦੇ ਸਨ। ਆਪ ਨੇ ਅਸਟ੍ਰੇਲੀਆ ਵਿੱਚ 'ਸੈਣੀ ਸੰਸਾਰ' ਮੈਗਜ਼ੀਨ ਦਾ ਪ੍ਰਚਾਰ ਕੀਤਾ ਅਤੇ ਇਸ ਦੇ ਕਈ ਪਾਠਕ ਬਣਾਏ। ਆਪ ਆਪਣੇ ਪਿੰਡ ਮਹਿਤਪੁਰ ਨਾਲ ਪੂਰਾ ਲਗਾਵ ਰਖਦੇ ਸਨ ਅਤੇ ਅਕਸਰ ਹੀ ਉੱਥੇ ਜਾਂਦੇ ਰਹਿੰਦੇ ਸਨ। ਇਸ ਕਾਰਨ ਆਪਣੇ ਲੋਕਾਂ ਵਿੱਚ ਹਰਮਨ ਪਿਆਰੇ ਸਨ। ਸ. ਮਲਕੀਅਤ ਸਿੰਘ ਸਮਾਜਸੇਵੀ ਸੰਸਥਾ, ਸੀਨੀਅਰ ਸਿਟੀਜ਼ਨ ਕੌਂਸਲ ਰੋਪੜ ਦੇ ਵੀ ਮੈਂਬਰ ਸਨ।

ਆਪ ਦੇ ਅਕਾਲ ਚਲਾਣੇ ਨਾਲ ਸਮਾਜ ਅਤੇ ਸੈਣੀ ਬਰਾਦਰੀ ਨੂੰ ਨਾਪੂਰਨਯੋਗ ਘਾਟਾ ਪਿਆ ਹੈ।

ਕਵਿਤਾ


## ਮਾਂ ਦੇ ਪੈਰ ਦਬਾਉਂਣਾ ਚੰਗਾ

ਸੁਖਵਿੰਦਰ ਸਿੰਘ ਰਟੌਲ

ਯਾਰ ਜਠੇਰੇ ਪੂਜਣ ਨਾਲੋਂ,
ਮਾਂ ਦੇ ਪੈਰ ਦਬਾਉਣਾ ਚੰਗਾ।
ਮਰਿਆਂ ਮਗਰੋਂ ਕੱਠ ਕਰਨ ਤੋਂ,
ਜਿਉਂਦੇ ਮੂੰਹ ਵਿੱਚ ਪਾਉਣਾ ਚੰਗਾ।
ਘਰ ਵਿੱਚ ਕੌਲੀ ਚੁੱਕਣੀ ਔਖੀ,
ਜਿੰਮ 'ਚ ਮਣ ਮਣ ਲੋਹਾ ਚੁੱਕਣਾ,
ਐਹੋ ਜਿਹੇ ਦਿਖਾਵੇ ਨਾਲੋਂ,
ਸਾਈਕਲ ਰੋਜ਼ ਚਲਾਉਣਾ ਚੰਗਾ।
ਵਿਹਲੇ ਢਿੱਡ 'ਤੇ ਚਰਬੀ ਚੜ੍ਹਦੀ,
ਵਿਹਲੇ ਸਿਰ 'ਤੇ ਕਰਜ਼ਾ ਭਾਰਾ,
ਸਿਹਤ ਅਤੇ ਖੁਸ਼ਹਾਲੀ ਖਾਤਰ,
ਕੰਮ 'ਚ ਮਨ ਲਗਾਉਣਾ ਚੰਗਾ।
ਮਹਿੰਗੇ ਭਾਅ ਦੇ ਯੰਤਰ ਲੈ ਕੇ,
ਐਕੂਆਪ੍ਰੈਸ਼ਰ ਪੁਆਇੰਟ ਲੱਭਣ ਤੋਂ,
ਖੁਰਪਾ ਫੜ ਕੇ ਗੋਡੀ ਕਰਨੀ,
ਸਬਜ਼ੀ ਘਰੇ ਉਗਾਉਣਾ ਚੰਗਾ।
ਹਰਬਲ ਸਰਬਲ ਨਵੀਂ ਥਰੈਪੀ,
ਯੋਗਾ ਯੂਗਾ ਵਿਹਲੇ ਕੰਮ ਆ,
ਮਿਹਨਤ ਕਰ ਕੇ ਵੰਡ ਕੇ ਖਾਣਾ,
ਗੁਰੂ ਦਾ ਨਾਮ ਧਿਆਉਣਾ ਚੰਗਾ।
ਪੁੱਠੇ ਸਿੱਧੇ ਆਸਣ ਕਰ ਕੇ,
ਬਗਲੇ ਵਾਂਗ ਸਮਾਧੀ ਲਾਉਣੀ,
ਝੂਠੇ ਨਕਲੀ ਹਾਸੇ ਨਾਲੋਂ,
ਸੱਥ 'ਚ ਜੋਕ ਸੁਣਾਉਣਾ ਚੰਗਾ।
ਅੰਮ੍ਰਿਤ ਵੇਲੇ ਤਾਜ਼ੀ ਹਵਾ 'ਚ,
ਮੱਠੀ ਮੱਠੀ ਚਾਲ ਤੁਰਦਿਆਂ,
ਸੈਰ ਦੀ ਸੈਰ ਸੰਗਤ ਵੀ ਹੋਜੇ,
ਗੁਰੂਦੁਆਰੇ ਆਉਣਾ ਚੰਗਾ।

## MARRIAGE

Marriage, A dream of every girl,
the dashing eyes with hair curls.
From child to adult the always plan for it,
how she will look, how she will audit.
It would be her lifetime makeover,
only for a person who will be her lover.
The day comes and celebrations start,
Everyone busy and her beating heart.
Ask her how she feels,
She answered life is full of deal,
Parents on fast for her peace and harmony,
Groom comes to complete the ceremony,
They promise to remain together always,
Whether the ways are sorrow or gay.
Everyone there enjoys the marriage,
just glance at her who have to leave her Heritage
Now, time comes to start a new life,
and now she is someone's wife.
Its hard to forget all those childhood memories,
Life is a name of a collection of such galleries




**The most "intelligent" group photo ever. Participants of 5th Solvay Conference on Quantam Mechanics, 1927. Albert Einstein, Marie Curie, Neils Bohr and others. 28 out of 29 in this picture are Noble Prize Winners.**

ਸਾਲਾਨਾ ਭਾਸ਼ਣ ਪ੍ਰਤਿਯੋਗਤਾ ਵਿਚ ਪਹਿਲੇ ਸਥਾਨ 'ਤੇ ਆਏ ਭਾਸ਼ਣ



ਜੂਨੀਅਰ ਵਰਗ

ਦਮਨਜੋਤ ਕੌਰ
ਸੇਂਟ ਕਾਰਮਲ ਸਕੂਲ

## ਕੇਂਦਰੀ ਨਵੇਂ ਖੇਤੀ ਕਾਨੂੰਨ-ਵਾਰ ਜਾਂ ਸਰਾਪ

ਅਸੀਂ ਉਦੋਂ ਨਾ ਕਿਸੇ ਦੀ ਈਨ ਮੰਨੀ,
ਜਦੋਂ ਤਨ ਤੋਂ ਲੱਥਾ ਸੀ ਚੰਮ ਸਾਡਾ।
ਸਾਨੂੰ ਮਾਰ ਮੁਕਾਉਣ ਵਾਲੇ ਕਈ ਆਏ,
ਕਾਇਮ ਰਿਹਾ ਸੰਗਰਾਮ ਦਾ ਥੰਮ ਸਾਡਾ।

ਕੇਂਦਰ ਦੁਆਰਾ ਹੋਂਦ ਵਿੱਚ ਲਿਆਂਦੇ ਗਏ ਤਿੰਨੇ ਕਾਨੂੰਨ ਕੇਵਲ ਕਿਸਾਨਾ ਲਈ ਹੀ ਨਹੀਂ ਸਗੋਂ ਦੇਸ਼ ਵਿੱਚ ਵੱਸਦੇ ਹਰ ਇੱਕ ਇਨਸਾਨ ਲਈ ਜੋ ਆਪਣੀ ਥਾਲੀ ਵਿੱਚ ਪਰੋਸ ਕੇ ਰੋਟੀ ਖਾਂਦਾ ਹੈ, ਸਰਾਪ ਸਿੱਧ ਹੋਣਗੇ। ਇਹ ਕਾਨੂੰਨ ਮਨੁੱਖ ਦਾ ਰੋਟੀ ਨਾਲ ਰਿਸ਼ਤਾ ਤੋੜ ਦੇਣਗੇ। ਭਾਰਤ ਦੇ ਰਾਸ਼ਟਰਪਤੀ ਦੁਆਰਾ 5 ਜੂਨ 2020 ਨੂੰ ਜੋ ਤਿੰਨ ਕਾਨੂੰਨ ਖੇਤੀ ਸੁਧਾਰਾਂ ਦੇ ਨਾਂ 'ਤੇ ਕਰੋਨਾ ਕਾਲ ਸਮੇਂ ਜਾਰੀ ਕੀਤੇ ਗਏ ਹਨ, ਉਹ ਇਸ ਤਰ੍ਹਾਂ ਹਨ-

ਪਹਿਲਾ ਕਾਨੂੰਨ- ਕਿਸਾਨ ਕੀਮਤਾਂ ਬਾਰੇ ਭਰੋਸਾ ਅਤੇ ਖੇਤੀ ਸੇਵਾਵਾਂ ਸੰਬੰਧੀ ਸਮਝੌਤਾ ਐਕਟ 2020- ਇਸ ਕਾਨੂੰਨ ਨੂੰ ਹੋਂਦ ਵਿੱਚ ਲਿਆ ਕੇ ਸਰਕਾਰ ਨੇ ਮੰਡੀ ਸਿਸਟਮ ਨੂੰ ਖਤਮ ਦਾ ਯਤਨ ਕੀਤਾ ਹੈ। ਸਰਕਾਰ ਦੁਆਰਾ ਆਖਿਆ ਗਿਆ ਹੈ ਕਿ ਕਿਸਾਨ ਆਪਣੀ ਫਸਲ ਕਿਤੇ ਵੀ ਵੇਚ ਸਕਦਾ ਹੈ ਅਤੇ ਕੋਈ ਵੀ ਵਪਾਰੀ ਜਿਸ ਦੇ ਕੋਲ ਅਧਾਰ ਕਾਰਡ ਹੈ, ਉਹ ਕਿਸਾਨ ਦੀ ਫਸਲ ਖਰੀਦ ਸਕਦਾ ਹੈ। ਕਿਸਾਨ ਆਪਣੀ ਫਸਲ ਜਦੋਂ ਸਰਕਾਰੀ ਮੰਡੀ ਵਿੱਚ ਵੇਚਦਾ ਹੈ ਤਾਂ 4% ਮਾਰਕੀਟ ਕਮੇਟੀ ਤੇ 4% ਡਵੈਲਪਮੈਂਟ ਫੰਡ ਕੁੱਲ 164 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਮੰਡੀ ਨੂੰ ਆਮਦਨ ਹੁੰਦੀ ਹੈ। ਇਸ ਆਮਦਨ ਦੁਆਰਾ ਪੰਜਾਬ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਜੇਕਰ ਬਾਹਰੋਂ ਵਪਾਰੀ ਆ ਕੇ ਕਿਸਾਨ ਦੀ ਫਸਲ ਖਰੀਦੇਗਾ ਤਾਂ ਉਸ 'ਤੇ ਕੋਈ ਵੀ ਫੀਸ ਨਹੀਂ ਲੱਗੇਗੀ। ਇਸ ਨਾਲ ਮੰਡੀ ਸਿਸਟਮ 'ਤੇ ਬਹੁਤ ਵੱਡਾ ਪ੍ਰਭਾਵ ਪਵੇਗਾ ਜਿਵੇਂ ਕਿ 2006 ਤੋਂ ਬਿਹਾਰ ਵਿੱਚ ਇਸੇ ਤਰ੍ਹਾਂ ਹੋਣ ਨਾਲ ਬਿਹਾਰ ਦਾ ਸਰਕਾਰੀ ਮੰਡੀ ਸਿਸਟਮ ਖਤਮ ਹੋ ਚੁੱਕਾ ਹੈ। ਦੇਸ਼ ਅਤੇ ਦੁਨੀਆ ਦਾ ਸਭ ਤੋਂ ਵਧੀਆ ਮੰਡੀ ਸਿਸਟਮ ਪੰਜਾਬ ਅਤੇ ਹਰਿਆਣਾ ਵਿੱਚ ਚੱਲ ਰਿਹਾ ਹੈ ਪਰ ਕੇਂਦਰ ਦੀ ਸਰਕਾਰ ਇਸ ਨੂੰ ਖਤਮ ਕਰਨਾ ਚਾਹੁੰਦੀ ਹੈ। ਵਿਸ਼ੇਸ਼ ਤੋਰ 'ਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬ ਵਿੱਚ ਲੱਗਭੱਗ 3 ਲੱਖ ਰੈਗੂਲਰ ਕਰਮਚਾਰੀ ਅਤੇ 15 ਲੱਖ ਮਜ਼ਦੂਰ ਹਨ ਜੋ ਮੰਡੀ ਸਿਸਟਮ ਨਾਲ ਜੁੜੇ ਹੋਏ ਹਨ। ਮੰਡੀਆਂ ਦੇ ਬੰਦ ਹੋਣ ਨਾਲ ਇਹ ਸਾਰੇ ਬੇਰੁਜ਼ਗਾਰ ਹੋ ਜਾਣਗੇ।

ਦੂਸਰਾ ਕਾਨੂੰਨ- ਖੇਤੀ ਪੈਦਾਵਾਰ ਧੰਦਾ ਅਤੇ ਵਪਾਰ- ਇਸ ਕਾਨੂੰਨ ਵਿੱਚ ਕਨਟਰੈਕਟ ਫਾਰਮਿੰਗ ਦੀ ਗੱਲ ਕੀਤੀ ਗਈ ਹੈ। ਇਹ ਪਹਿਲੀ ਵਾਰੀ ਹੈ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਖੇਤੀਬਾੜੀ ਨੂੰ ਇੱਕ ਵਪਾਰ ਬਣਾਇਆ ਗਿਆ ਹੈ। ਖੇਤੀਬਾੜੀ ਇੱਕ ਜੀਵਨ-ਜਾਂਚ ਹੈ, ਇੱਕ ਧੰਦਾ ਜਾਂ ਵਪਾਰ ਨਹੀਂ। ਖੇਤੀਬਾੜੀ ਰਾਜਾਂ ਦਾ ਵਿਸ਼ਾ ਹੈ ਨਾ ਕਿ ਕੇਂਦਰ ਦਾ ਕਿਉਂਕਿ ਕਿਸਾਨ ਫੂਡ ਗਰੇਨ ਭਾਵ ਅਨਾਜ ਪੈਦਾ ਕਰਦਾ ਹੈ ਆਟਾ ਨਹੀਂ, ਕਿਸਾਨ ਗੰਨਾ ਪੈਦਾ ਕਰਦਾ ਹੈ ਚੀਨੀ ਜਾ ਗੁੜ ਨਹੀਂ। ਵੱਡੇ ਕਾਰਪੋਰੇਟ ਘਰਾਣੇ ਕਿਸਾਨ ਦੀ ਜ਼ਮੀਨ ਲੀਜ਼ 'ਤੇ ਲੈਣਗੇ ਅਤੇ ਆਪਣੀ ਮਰਜ਼ੀ ਦੇ ਮੁਤਾਬਿਕ ਪੈਦਾਵਾਰ ਕਰਵਾਉਣਗੇ। ਇਸ ਤਰ੍ਹਾਂ ਕਿਸਾਨ ਆਪਣੀ ਜ਼ਮੀਨ 'ਤੇ ਆਪ ਹੀ ਮਜ਼ਦੂਰ ਬਣ ਕੇ ਰਹਿ ਜਾਵੇਗਾ। ਜੇਕਰ ਕਿਸੇ ਕਾਰਨ ਕਿਸਾਨ ਜਾਂ ਵਪਾਰੀ ਵਿੱਚ ਕੋਈ ਆਪਸੀ ਮੱਤਭੇਦ ਹੁੰਦਾ ਹੈ ਤਾਂ ਉਹ ਸਿਰਫ਼ ਡੀ.ਸੀ ਜਾਂ ਐਸ.ਡੀ.ਐਮ ਤੱਕ ਪਹੁੰਚ ਕਰ ਸਕਦਾ ਹੈ। ਇਨ੍ਹਾਂ ਕਾਨੂੰਨਾਂ ਵਿੱਚ ਅਦਾਲਤ ਤੱਕ ਪਹੁੰਚਣ 'ਤੇ ਰੋਕ ਲਾ ਦਿੱਤੀ ਗਈ ਹੈ।

ਤੀਸਰਾ ਕਾਨੂੰਨ- ਜ਼ਰੂਰੀ ਵਸਤਾਂ ਦਾ ਕਾਨੂੰਨ- ਇਸ ਐਕਟ ਰਾਹੀਂ ਜ਼ਰੂਰੀ ਵਸਤਾਂ ਐਕਟ 1955 ਵਿੱਚ ਸੋਧਾਂ ਕੀਤੀਆਂ ਗਈਆਂ ਹਨ। ਇਸ ਕਾਨੂੰਨ ਰਾਹੀਂ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹ ਦਿੱਤੀ ਗਈ ਹੈ ਕਿ ਉਨ੍ਹਾਂ ਕੋਲ ਜਿਨੀ ਸਮਰੱਥਾ ਹੈ ਉਹ ਉਂਨਾਂ ਅਨਾਜ ਭੰਡਾਰ ਕਰ ਸਕਦੇ ਹਨ ਅਤੇ ਜੇਕਰ ਦੇਸ਼ ਉੱਤੇ ਮਾੜਾ ਸਮਾਂ ਆਵੇਗਾ ਤਾਂ ਉਹ ਆਪਣੀ ਮਰਜ਼ੀ ਦੇ ਮੁਤਾਬਿਕ ਭਾਅ ਲਾਗੂ ਕਰਨਗੇ। ਉਨ੍ਹਾਂ 'ਤੇ ਕੋਈ ਵੀ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ। ਮਿਸਾਲ ਦੇ ਤੌਰ 'ਤੇ ਪਿਛਲੇ ਸਮੇ ਰਾਜਸਥਾਨ ਵਿੱਚ ਬਾਜਰੇ ਦੀ ਫਸਲ ਦੀ ਐਮ.ਐਸ.ਪੀ 2050 ਰੁਪਏ ਪ੍ਰਤਿ ਕੁਅੰਟਿਲ ਹੋਣ 'ਤੇ ਵੀ ਕਿਸਾਨਾਂ ਕੋਲੋਂ 1050 ਰੁਪਏ ਵਿੱਚ ਖਰੀਦੀ ਗਈ ਤੇ ਅੱਜ 2 ਮਹੀਨੇ ਬਾਅਦ ਮਾਰਕੀਟ ਵਿਚ 2400 ਰੁਪਏ ਨੂੰ ਵੇਚੀ ਜਾ ਰਹੀ ਹੈ। ਸਰਕਾਰ ਨੇ ਜ਼ਰੂਰੀ ਵਸਤਾਂ ਐਕਟ ਵਿੱਚ ਸੋਧ ਕਰ ਕੇ ਮਨੁੱਖਤਾ ਨੂੰ ਬਹੁਤ ਹੀ ਮਾੜੀਆਂ ਅਤੇ ਭਿਆਨਕ ਪਰਿਸਥਿਤੀਆਂ ਵਿੱਚ ਵੀ ਬਘਿਆੜਾਂ ਦੇ ਹਵਾਲੇ ਕਰ ਦਿੱਤਾ ਹੈ।

❋ ❋ ❋ ❋ ❋

## ਸ਼ਰਧਾਂਜਲੀ



ਸੈਣੀ ਬਰਾਦਰੀ ਦੇ ਦਰਵੇਸ਼ ਸਿਆਸਤਦਾਨ ਸੰਤ ਅਜੀਤ ਸਿੰਘ (ਪਰਿਵਾਰ ਵਿਛੋੜੇ ਵਾਲੇ) 22 ਸਤੰਬਰ 2021 ਨੂੰ 82 ਸਾਲ ਦੀ ਉਮਰ ਭੋਗ ਕੇ ਸਵਰਗਵਾਸ ਹੋ ਗਏ ਹਨ। ਆਪ ਅਨੰਦਪੁਰ ਸਾਹਿਬ ਹਲਕੇ ਪੰਜਾਬ ਅਸੈਂਬਲੀ ਦੇ ਮੈਂਬਰ ਰਹਿ ਚੁੱਕੇ ਹਨ। ਆਪਨੇ ਕਈ ਗੁਰਦੁਆਰਿਆਂ ਦੀਆਂ ਇਮਾਰਤਾਂ ਕਾਰ ਸੇਵਾ ਨਾਲ ਉਸਾਰੀਆਂ । ਆਪ ਅਕਾਲੀ ਦੱਲ ਦੇ ਸਰਪ੍ਰਸਤ ਵੀ ਰਹੇ । ਆਪ ਦਾ ਜੱਦੀ ਪਿੰਡ ਕੁਰਾਲੀ ਨੇੜੇ ਨਿਹੋਲਕਾ ਸੀ ਜਿੱਥੇ ਆਪ ਦਾ ਸਸਕਾਰ ਕੀਤਾ ਜਾਵੇਗਾ।



Senior Category

## Government strategy dealing with Covid 19 - A success or a Failure

Hanish Saini
B.N.L. Public School. APS

31 December 2019, the black day in the history of mankind , the day when the first case of infection by oriho corona virus was reported in Wuhan , china . Next, Jan 2020, WHO sets up the IMST to cope up with the situation and the mankind is made known to the term "COVID -19". The infection spreads outside the premises of CHINA in various countries likes Italy, Spain, France, Germany, UK, Thailand and finally India and the battle begins .

On 21st jan 2020 , Indian govt started screening of passengers from china at 7 airports, initially . In feb 2020 screening was just extend to 5 other Asian countries and not even a single European country like France where covid was already at peak . So , here's the loophole due to which corona virus entered India .

Indian govt took a disastrous measure of lockdown without preparing itself to face financially stressful situation. GDP had fallen by 7.3%, still no financial emergency under article 360 was called . it is said that total of 4 billion us dollars were spent under PMGKY to help about 320 million Indians. According to statistics 580 million Indians are below international poverty line who could not earn for their livelihood during the initial phase of pandemic . Moreover, 26 million jobs were lost in just 3 months. So ,what about these more than 260 million people left ? The govt is dumb to that ..... Indian govt failed in making people aware about the situation nevertheless not forgetting its success in making them panic .

Also, a lack of co-ordination could be clearly depicted between the central & state govt due to prevalent party system in various provinces . Now talking of electronics ministry ,it came up with a really really nice application called "Arogya setu " but of no use . Now ,let me tell you Why ... According to statistics 375 m Indians have access to Anroid, whereas 1.02B don,t, which means approximately 25 M Indian families couldn't benefit from it at all. Online Education System too was a failure reason being the same i.e. nonaccessibility to Anroid phones .

Next, Ministry of home affairs failed in stopping the intra as well as inter provincial spread of infection. Ministry of textiles couldn't help produce enough of PPE kits , N95 masks, untilatous up PCR's for diagnostic test.

Ministry of consumer affairs, food public distribution could not reach out every citizen and provide them with basic requirement of food, milk and fruits .

So ,it's time to call it a day saying blaming it all on government. It's not the solution. Need of hour is to be a bit more sensible and to do at our level best to cut off this , keeping the anthropocentric view aside by not underestimating the power of this corona virus. The only way out would be getting stuck in the same situation year after year the way we already are with various other pandemics by epidemics like SARS , Abola ,Tuberculosis , AIDS etc.

ਅਨੋਖੀ ਬਰਾਤ

**ਸੈਰ ਸਪਾਟਾ**

**ਡਾ. ਅਜਮੇਰ ਸਿੰਘ**
**ਰੂਪਨਗਰ**



ਆਪਣੀ ਸੱਤਰ ਕੁ ਸਾਲ ਦੀ ਉਮਰ ਵਿੱਚ ਦਰਜਣਾ ਵਿਆਹ ਦੇਖੇ ਹਨ ਅਤੇ ਕਈ ਬਰਾਤਾਂ ਵਿੱਚ ਸ਼ਾਮਲ ਹੋਇਆ ਹਾਂ। ਹਰ ਬਰਾਤ ਵਿੱਚ ਲਾਜ਼ਮੀ ਤੌਰ 'ਤੇ ਇੱਕ ਮਰਦ ਲਾੜਾ ਹੁੰਦਾ ਹੈ। ਬਰਾਤ ਵਿੱਚ ਰਿਸ਼ਤੇਦਾਰ, ਨਜ਼ਦੀਕੀ ਅਤੇ ਦੋਸਤ ਹੁੰਦੇ ਹਨ। ਆਮ ਤੌਰ 'ਤੇ ਬੈਂਡ ਵੱਜਦਾ ਹੈ ਅਤੇ ਬਰਾਤੀ ਨੱਚਦੇ-ਟੱਪਦੇ ਖੁਸ਼ੀ ਮਨਾਉਂਦੇ ਹਨ। ਬਰਾਤੀ ਬੱਸ ਜਾਂ ਕਾਰਾਂ ਵਿੱਚ ਸਵਾਰ ਹੁੰਦੇ ਹਨ। ਲੜਕੀ ਵਾਲਿਆਂ ਵਲੋਂ ਖੂਬਸੂਰਤ ਪੰਡਾਲ ਸਜਾਇਆ ਜਾਂਦਾ ਹੈ ਅਤੇ ਬਰਾਤ ਦੀ ਖੂਬ ਸੇਵਾ ਕੀਤੀ ਜਾਂਦੀ ਹੈ। ਪਰ ਜਿਸ ਅਜਬ ਬਰਾਤ ਦੀ ਮੈਂ ਗੱਲ ਕਰਨ ਲੱਗਾ ਉਸ ਦਾ ਲਾੜਾ ਕੋਈ ਮਰਦ ਨਹੀਂ ਬਲਕਿ ਇੱਕ ਚਾਅ, ਉਮੰਗ ਅਤੇ ਤਾਂਘ ਸੀ। ਇਸ ਸ਼ੁਭ ਕਾਰਜ ਨੂੰ ਰੂਪਨਗਰ ਦੇ ਯੂਨੀਕ ਐਡਵੈਂਚਰ ਕਲੱਬ ਦੇ ਕਰਤਾ-ਧਰਤਾ ਸ. ਬਿਕਰਮਜੀਤ ਸਿੰਘ ਕੋਚ ਨੇ ਰਚਾਇਆ।

ਸਾਲ 2021 ਦੇ ਸਤੰਬਰ ਮਹੀਨੇ ਦੀ 19 ਤਾਰੀਖ ਨੂੰ ਜਦੋਂ ਲੋਕ ਨਾਮੁਰਾਦ ਲਾਗ ਦੀ ਬਿਮਾਰੀ ਕੋਵਡ-19 ਦੇ ਡੇਢ ਸਾਲ ਦੇ ਸੰਤਾਪ ਤੋਂ ਕੁੱਝ ਰਾਹਤ ਮਹਿਸੂਸ ਕਰਨ ਲੱਗੇ ਸਨ ਤਾਂ ਇਸ ਵਿਆਹ ਦਾ ਆਯੋਜਿਨ ਕੀਤਾ ਗਿਆ। ਸਵੇਰੇ ਹੀ ਸੱਤ ਕੁ ਵਜੇ 60 ਦੇ ਕਰੀਬ ਬਰਾਤੀ ਨਿਯਤ ਥਾਂ 'ਤੇ ਇਕੱਠੇ ਹੋਣ ਲੱਗੇ। ਇਨ੍ਹਾਂ ਵਿੱਚ ਬੱਚੇ, ਨੌਜਵਾਨ ਅਤੇ ਬਜ਼ੁਰਗ ਮਰਦ ਔਰਤਾਂ ਸ਼ਾਮਿਲ ਸਨ।ਅਸੀਂ ਦੋਵੇਂ ਪਤੀ-ਪਤਨੀ ਵੀ ਇੱਸ ਦੇ ਹਿੱਸੇਦਾਰ ਸਾਂ। ਸਾਰੇ ਬੱਸ ਵਿੱਚ ਸਵਾਰ ਹੋ ਗਏ। ਢੋਲ ਵੱਜਣ ਲੱਗਾ। ਬਰਾਤੀ ਨੱਚਣ-ਟੱਪਣ ਲੱਗੇ। ਅੱਠ ਕੁ ਵਜੇ ਇਹ ਬਰਾਤ ਇੱਕ ਬੱਸ ਤੇ ਦੋ ਕਾਰਾਂ ਨਾਲ ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਵਿੱਚ ਬਣੇ ਪੰਡਾਲ ਲਈ ਚੱਲ ਪਈ। ਚੱਲਣ ਲੱਗਿਆਂ ਇੱਕ ਗਾਇਕ ਬਰਾਤੀ ਨੇ ਧਾਰਮਿਕ ਗਾਣੇ ਨਾਲ ਪਰਮਾਤਮਾ ਦਾ ਸਹਾਰਾ ਲੋੜਿਆ। ਰਸਤੇ ਵਿੱਚ ਵੀ ਖੂਬ ਗਾਉਣਾ-ਵਜਾਉਣਾ ਚੱਲਦਾ ਰਿਹਾ। ਸਾਢੇ ਨੌਂ ਵਜੇ ਇਹ ਬਰਾਤ ਨੰਗਲ ਵਿਖੇ ਰੁਕੀ ਜਿੱਥੇ ਬਹੁਤ ਸੁਆਦਲਾ ਨਾਸ਼ਤਾ ਕੀਤਾ ਗਿਆ। ਦਸ ਕੁ ਵੱਜੇ ਚੱਲਣ ਤੋਂ ਪਹਿਲਾਂ ਬਰਾਤੀਆਂ ਨੇ ਰਲ ਕੇ ਭੰਗੜਾ ਪਾਇਆ। ਨੰਗਲ ਵਿਖੇ ਹੀ ਭਾਖੜਾ ਡੈਮ ਦੇ ਲੋਕ ਸੰਪਰਕ ਦੇ ਦਫਤਰ ਵਿੱਚ ਕੁੱਝ ਜ਼ਰੂਰੀ ਕਾਰਵਾਈਆਂ ਕਰਨ ਉਪਰੰਤ ਇਹ ਬਰਾਤ 12 ਕੁ ਕਿਲੋਮੀਟਰ ਦੂਰ ਭਾਖੜਾ ਡੈਮ ਪਹੁੰਚ ਗਈ। ਇੱਥੇ ਝੀਲ ਦੇ ਕੰਢੇ ਇੱਕ ਪੁਰਾਤਨ ਮੰਦਰ ਵਿੱਚ ਉਤਾਰਾ ਕੀਤਾ। ਇਸ ਦੇ ਆਲੇਦੁਆਲੇ ਬਹੁਤ ਹੀ ਸੁੰਦਰ ਕੁਦਰਤੀ ਨਜ਼ਾਰਾ ਸੀ। ਇਸ ਦੇ ਪਾਸ ਹੀ ਝੀਲ ਦੇ ਕਿਨਾਰੇ 'ਤੇ ਝੰਡੀਆਂ ਅਤੇ ਗੁਬਾਰਿਆਂ ਨਾਲ ਸਜੀ-ਧਜੀ ਇੱਕ ਮੋਟਰ ਬੋਟ ਖੜ੍ਹੀ ਸੀ। ਕੁੱਝ ਸਮਾਂ ਮੰਦਰ ਵਿੱਚ ਬਿਤਾ ਕੇ ਅਸੀਂ ਕਿਸ਼ਤੀ ਵਿੱਚ ਸਵਾਰ ਹੋ ਗਏ। ਸਾਰੇ ਪਾਸੇ ਦੂਰ ਦੂਰ ਤੱਕ ਸਾਫ਼ ਪਾਣੀ ਪਸਰਿਆ ਹੋਇਆ ਦਿਸ ਰਿਹਾ ਸੀ।

'ਜੋ ਬੋਲੇ ਸੋ ਨਿਹਾਲ' ਦਾ ਜੈਕਾਰਾ ਗੱਜਿਆ ਅਤੇ ਕਿਸ਼ਤੀ ਉੱਤਰ ਦਿਸ਼ਾ ਵੱਲ ਮਸਤ ਚਾਲ ਨਾਲ ਚੱਲਣ ਲੱਗੀ। ਲਹਿੰਦੇ ਵੱਲ ਭਾਖੜਾ ਡੈਮ ਸੀ ਅਤੇ ਚੜ੍ਹਦੇ ਵੱਲ ਪਾਣੀ ਹੀ ਪਾਣੀ ਸੀ। ਕਰੀਬ 41600 ਏਕੜ ਖੇਤਰ ਵਿੱਚ ਫੈਲੀ ਇਹ ਵਿਸ਼ਾਲ ਝੀਲ ਸਤਲੁਜ ਦਰਿਆ ਦੇ ਪਾਣੀ ਨੂੰ ਦਿੱਲੀ ਦੀ ਕੁਤਬ ਮੀਨਾਰ ਨਾਲੋਂ ਤਿੰਨ ਗੁਣਾ (226 ਮੀਟਰ) ਉੱਚੇ, ਅੱਧਾ ਕਿਲੋਮੀਟਰ ਤੋਂ ਵੱਧ(520 ਮੀਟਰ) ਲੰਬੇ ਅਤੇ ਉਪਰੋਂ 9.1 ਮੀਟਰ ਚੌੜੇ ਬੰਨ੍ਹ ਨਾਲ ਰੋਕਣ ਕਰ ਕੇ ਇਕੱਠੇ ਹੋਏ ਪਾਣੀ ਨਾਲ ਬਣੀ ਹੈ। ਉਂਜ ਅਧਾਰ ਤੋਂ ਇਹ ਬੰਨ੍ਹ 191 ਮੀਟਰ ਚੌੜਾ ਹੈ। ਇਸ ਬੰਨ੍ਹ ਦੀ ਗਿਣਤੀ ਵਿਸ਼ਵ ਦੇ ਉੱਚੇ ਗਰੈਵਟੀ ਡੈਮਾਂ ਵਿੱਚ ਹੁੰਦੀ ਹੈ। ਇਹ ਡੈਮ ਦੇਸ਼ ਨੂੰ ਅਜ਼ਾਦੀ ਮਿਲਦਿਆਂ ਸਾਰ ਹੀ 1948 ਵਿੱਚ ਬਣਨਾ ਸ਼ੁਰੂ ਹੋਇਆ ਸੀ ਜੋ 1963 ਵਿੱਚ ਤਿਆਰ ਹੋਇਆ ਸੀ। ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਹ ਡੈਮ ਦੇਸ਼ ਦੇ ਲੋਕਾਂ ਨੂੰ ਅਰਪਣ ਕੀਤਾ ਸੀ। ਇਸ ਅਤਿ ਦੇ ਕਠਿਨ ਕਾਰਜ ਨੂੰ 30 ਵਿਦੇਸ਼ੀ ਮਾਹਿਰਾਂ, 300 ਦੇ ਕਰੀਬ ਭਾਰਤੀ ਇੰਜਨੀਅਰਾਂ ਅਤੇ 13000 ਮਜ਼ਦੂਰਾਂ ਨੇ ਦਿਨ-ਰਾਤ ਕੰਮ ਕਰਕੇ ਸਿਰੇ ਲਾਇਆ ਸੀ। ਦਰਜਣਾ ਕਾਮੇ ਸ਼ਹੀਦ ਵੀ ਹੋ ਗਏ ਸਨ। ਇਸ ਵਿੱਚ ਦਸ ਟਰਬਾਈਨਾਂ ਚੱਲਦੀਆਂ ਹਨ ਜੋ 1325 ਮੈਗਾਵਾਟ ਬਿਜਲੀ ਤਿਆਰ ਕਰਦੀਆਂ ਹਨ ਜਿਸ ਨਾਲ ਪੰਜਾਬ, ਹਿਮਾਚਲ ਅਤੇ ਹਰਿਆਣਾ ਜਗਮਗ ਕਰਦੇ ਹਨ।



ਹਿਮਾਚਲ ਪ੍ਰਦੇਸ਼ ਦੇ ਊਨਾ ਅਤੇ ਬਿਲਾਸਪੁਰ ਜ਼ਿਲ੍ਹਿਆਂ ਦੀ ਸੀਮਾ ਇਸ ਝੀਲ ਦੇ ਵਿੱਚ ਹੀ ਸਮਾਈ ਹੋਈ ਹੈ। ਪੱਛਮ ਵੱਲ ਊਨਾ ਸ਼ਹਿਰ ਇੱਥੋਂ 35 ਕਿਲੋਮੀਟਰ ਤੇ ਨਵਾਂ ਨੰਗਲ 12 ਕਿਲੋਮੀਟਰ ਅਤੇ ਪੂਰਬ ਵਿੱਚ ਬਿਲਾਸਪੁਰ 91 ਕਿਲੋਮੀਟਰ ਦੂਰ ਹਨ। ਇਹ ਝੀਲ ਅਮਰੀਕੀ ਡੈਮ ਬਿਲਡਰ ਹਾਰਵੇ ਸਲੋਕਨ ਦੀ ਅਗਵਾਈ ਵਿੱਚ 1955 ਵਿੱਚ ਬਣਨੀ ਸੁਰੂ ਹੋ ਕੇ 1962 ਵਿੱਚ ਪੂਰੀ ਹੋਈ ਸੀ। ਉਸ ਸਮੇਂ ਪੰਜਾਬ ਬਿਜਲੀ ਬੋਰਡ ਦੇ ਚੇਅਰਮੈਨ ਸ. ਹਰਬੰਸ ਸਿੰਘ ਸੋਮਲ ਨੇ ਇਸ ਝੀਲ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਗੋਬਿੰਦ ਸਾਗਰ ਰੱਖਿਆ ਸੀ।ਇਸ ਸਮੇਂ ਇਹ ਡੈਮ ਅਤੇ ਝੀਲ ਦਾ ਪ੍ਰਬੰਧ ਭਾਖੜਾ ਬਿਆਸ ਮੈਨੇਜਮੈਂਟ ਪਾਸ ਹੈ। ਇਹ ਝੀਲ 9.62 ਘਣਕਿਲੋਮੀਟਰ (78 ਲੱਖ ਏਕੜ.ਫੁੱਟ) ਪਾਣੀ ਸਾਂਭਣ ਦੇ ਸਮਰੱਥ ਹੈ। ਸੁਣਨ ਵਿੱਚ ਆਇਆ ਕਿ 50 ਦੇ ਲੱਗਭੱਗ ਇਲਾਕੇ ਦੇ ਪਿੰਡ ਇਸ ਝੀਲ ਦੇ ਪਾਣੀ ਵਿੱਚ ਡੁੱਬ

ਗਏ ਸਨ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਰਾਜਿਸਥਾਨ ਅਤੇ ਹਰਿਆਣਾ ਵਿੱਚ ਜ਼ਮੀਨਾਂ ਦੇ ਕੇ ਵਸਾਇਆ ਗਿਆ ਸੀ। ਇਸ ਦੇ ਨਾਲ ਹੀ ਅੱਠਵੀਂ ਸਦੀ ਤੋਂ ਉਨੀਂਵੀ ਸਦੀ ਦੇ ਪੁਰਾਤਨ 30 ਮੰਦਿਰ ਵੀ ਇਸ ਝੀਲ ਵਿੱਚ ਡੁੱਬ ਗਏ ਸਨ। ਜਦੋਂ ਝੀਲ ਦਾ ਪਾਣੀ ਘਟਦਾ ਹੈ ਤਾਂ ਇਨ੍ਹਾਂ ਵਿੱਚੋਂ ਕੁੱਝ ਮੰਦਰ ਦਿਸਣ ਲਗਦੇ ਹਨ। ਇਸ ਪਾਣੀ ਵਿੱਚ ਪੰਜਾਹ ਤੋਂ ਵੱਧ ਮੱਛੀਆਂ ਦੀਆਂ ਕਿਸਮਾਂ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਬੰਗਾਨਾ ਦੇਰੋ, ਤੋਰ ਪੁਤੀਤੋਰਾ, ਸਪੇਰਾਟਾ ਸੀਨਘਾਲਾ ਅਤੇ ਮਿਰਰ ਕੈਪ ਵਰਣਨਯੋਗ ਹਨ। ਇਸ ਝੀਲ ਨੂੰ ਸੈਲਾਨੀਆਂ ਅਤੇ ਖਿਡਾਰੀਆਂ ਲਈ ਉਪਯੋਗੀ ਬਣਾਉਣ ਦੇ ਉਦੇਸ਼ ਨਾਲ ਹਿਮਾਚਲ ਪ੍ਰਦੇਸ਼ ਦੇ ਸੈਰ ਸਪਾਟਾ ਵਿਭਾਗ ਨੇ ਬਿਲਾਸਪੁਰ ਵਿਖੇ ਸਵਿਮਿੰਗ, ਸਰਫਿੰਗ, ਵਾਟਰ ਸਕਾਇੰਗ, ਕਾਯਾਕਿੰਗ, ਰੋਵਿੰਗ, ਕੈਨੋਇੰਗ ਅਤੇ ਰਿਵਰ ਰਾਫਟਿੰਗ ਆਦਿ ਪਾਣੀ-ਖੇਡਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹ ਆਮ ਤੌਰ 'ਤੇ ਅਗਸਤ ਮਹੀਨੇ ਤੋਂ ਜਨਵਰੀ ਤੱਕ ਹੁੰਦੀਆਂ ਹਨ ਜਦੋਂ ਝੀਲ ਵਿੱਚ ਪਾਣੀ ਦਾ ਪੱਧਰ ਉਚਿਤ ਹੁੰਦਾ ਹੈ।

ਜਿਉਂ ਜਿਉਂ ਅਸੀਂ ਇਸ ਝੀਲ ਦੇ ਅੰਦਰ ਜਾਂਦੇ ਗਏ ਇਸ ਦਾ ਸੁਹੱਪਣ ਵਧਦਾ ਗਿਆ। ਫਿਰ ਸਾਹਮਣੇ ਦੂਰ ਛੋਟੀਆਂ ਛੋਟੀਆਂ ਪਹਾੜੀਆਂ ਨਜ਼ਰ ਆਉਣ ਲੱਗੀਆਂ। ਬਰਾਤੀਆਂ ਦੀ ਆਉ ਭਗਤ ਸ਼ੁਰੂ ਹੋ ਗਈ। ਕਦੇ ਸੇਬ, ਕਦੇ ਬਿਸਕੁਟ ਤੇ ਕਦੇ ਠੰਢਾ ਵਰਤਾਇਆ ਜਾਣ ਲੱਗਾ। ਵਿੱਚ ਵਿੱਚ ਮਨੋਰੰਜਨ ਲਈ ਗਰੁੱਪ ਖੇਡਾਂ ਵੀ ਚੱਲਦੀਆਂ ਰਹੀਆਂ ਅਤੇ ਗੀਤ ਸੰਗੀਤ ਵੀ। ਘੰਟੇ ਕੁ ਤੋਂ ਬਾਅਦ ਇੱਕ ਪਹਾੜੀ 'ਤੇ ਮੰਦਰ ਨਜ਼ਰ ਆਉਣ ਲੱਗਾ। ਇਹ ਭਾਖੜਾ ਡੈਮ ਤੋਂ 14 ਕਿਲੋਮੀਟਰ ਦੂਰ ਹੈ। ਕਿਸ਼ਤੀ ਕਿਨਾਰੇ ਲੱਗੀ, ਢੋਲ ਵੱਜਿਆ ਅਤੇ ਅਸੀਂ ਉਤਰਨ ਲੱਗੇ। ਇਹ ਪਹਾੜੀ ਲਹਿੰਦੇ ਪਾਸਿਓਂ ਸੜਕ ਰਾਹੀਂ ਊਨਾ ਜ਼ਿਲ੍ਹੇ ਦੇ ਹੋਰ ਪਿੰਡਾਂ ਨਾਲ ਜੁੜੀ ਹੋਈ ਹੈ। ਇੱਥੇ ਹੋਰ ਬਹੁਤ ਸਾਰੇ ਸੈਲਾਨੀ ਮੌਜ ਮੇਲਾ ਕਰਦੇ ਦੇਖੇ ਗਏ ਜਿਨ੍ਹਾਂ ਵਿੱਚ ਬਹੁਤੇ ਨਵਵਿਆਹੇ ਜੋੜੇ ਸਨ। ਸਾਰੀ ਬਰਾਤ ਮੰਦਰ ਦੇ ਅੰਦਰ ਗਈ। ਸ਼ਿਵ ਜੀ ਦੀ ਮੂਰਤੀ ਦੇ ਸਨਮੁਖ ਹੋਈ। ਇਹ ਆਨੰਦਕਾਰਜ ਦਾ ਸਮਾਂ ਸੀ। ਸਭ ਨੇ ਆਪਣੇ ਆਪਣੇ ਇਸ਼ਟ ਨੂੰ ਯਾਦ ਕੀਤਾ। ਸਾਰਿਆਂ ਨੂੰ ਅਤਿ ਦੀ ਮਾਨਸਿਕ ਸੰਤੁਸ਼ਟੀ ਹਾਸਲ ਹੋਈ। ਇੱਕ ਅਜੀਬ ਜਿਹੇ ਅਨੰਦ ਦਾ ਅਹਿਸਾਸ ਹੋਇਆ ਜਿਵੇਂ ਮਨ ਚਿਤਵੀ ਕਾਮਨਾ ਪੂਰੀ ਹੋ ਗਈ ਹੋਵੇ। ਜੋ ਪ੍ਰਾਪਤ ਕਰਨ ਲਈ ਆਏ ਸਾਂ ਉਹ ਹਾਸਲ ਹੋ ਗਿਆ।

ਪੌਣਾ ਕੁ ਘੰਟਾ ਇੱਥੇ ਸਭ ਨੇ ਆਰਾਮ ਕੀਤਾ ਅਤੇ ਤਿੰਨ ਕੁ ਵਜੇ ਫਿਰ ਕਿਸ਼ਤੀ ਵਿੱਚ ਸਵਾਰ ਹੋ ਗਏ। ਫਿਰ ਹੱਸਣਾ-ਖੇਡਣਾ ਸ਼ੁਰੂ ਹੋ ਗਿਆ। ਸਭ ਪਾਸੇ ਪਾਣੀ ਹੀ ਪਾਣੀ ਸੀ। ਕਿਤੇ ਕਿਤੇ ਪਲਾਸਟਿਕ ਦੀਆਂ ਖਾਲੀ ਬੋਤਲਾਂ ਤੈਰਦੀਆਂ ਦਿਖਾਈ ਦਿੱਤੀਆਂ ਜਿਸ ਤੋਂ ਸਾਡੇ ਲੋਕਾਂ ਦੀ ਪ੍ਰਦੂਸ਼ਣ ਸਬੰਧੀ ਲਾਪ੍ਰਵਾਹੀ ਅਤੇ ਅਗਿਆਨਤਾ ਨਜ਼ਰ ਆਉਂਦੀ ਸੀ। ਝੀਲ ਦੇ ਪਾਣੀ ਦੀ ਡੂੰਘਾਈ ਇਕਸਾਰ ਨਹੀਂ। ਇਸ ਦੀ ਵੱਧ ਤੋਂ ਵੱਧ ਡੂੰਘਾਈ 535 ਫੁੱਟ (178 ਗਜ਼) ਹੈ। ਆਲੇ ਦੁਆਲੇ ਪਹਾੜੀਆਂ 'ਤੇ ਕਾਫੀ ਘਰ ਦਿਖਾਈ ਦਿੰਦੇ ਸਨ। ਕਿਸ਼ਤੀ ਚਲਾਉਣ ਵਾਲੇ ਨੇ ਦੱਸਿਆ ਕਿ ਇਸ ਅਬਾਦੀ ਪਾਸ ਰੋਜ਼ਾਨਾ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਹਨ। ਜਦੋਂ ਇਨ੍ਹਾਂ ਲੋਕਾਂ ਨੇ ਪੰਜਾਬ ਵੱਲ ਜਾਣਾ ਹੁੰਦਾ ਹੈ ਤਾਂ ਕਿਸ਼ਤੀ ਦੀ ਹੀ ਵਰਤੋਂ ਕਰਦੇ ਹਨ। ਘੰਟੇ ਕੁ ਦੇ ਸਫਰ ਤੋਂ ਬਾਅਦ ਚੜ੍ਹਦੇ ਪਾਸੇ ਇੱਕ ਪਹਾੜੀ ਦਿਖਾਈ ਦੇਣ ਲੱਗੀ। ਉੱਥੇ ਕਿਸ਼ਤੀ ਰੁਕੀ ਅਤੇ ਅਸੀਂ ਸਾਰੇ ਉਤਰ ਕੇ ਇਸ ਦੁਆਲੇ ਬਣੀ ਸੁੰਦਰ ਬੀਚ ਦਾ ਨਜ਼ਾਰਾ ਲੈਣ ਲੱਗੇ। ਸਭ ਨੇ ਆਪਣੇ ਮਨੋਰੰਜਨ ਲਈ ਖੂਬ ਫੋਟੋਗ੍ਰਾਫੀ ਕੀਤੀ। ਇੱਥੇ ਸਭ ਨੇ ਰਲ ਕੇ ਢੋਲ ਦੇ ਡਗੇ 'ਤੇ ਭੰਗੜਾ ਪਾਇਆ। ਬੋਲੀਆਂ ਪਾਈਆਂ ਅਤੇ ਅਨੰਦ ਮਾਣਿਆਂ। ਸਰੀਰ ਨੂੰ ਚੁਸਤ_ਫੁਰਤ ਰੱਖਣ ਲਈ ਕੁੱਝ ਸਮੂਹਿਕ ਸਰੀਰਿਕ ਕ੍ਰਿਆਵਾਂ ਵੀ ਕੀਤੀਆਂ। ਇੱਥੇ ਦੀ ਕੁਦਰਤੀ ਸੁੰਦਰਤਾ ਅਤੇ ਏਕਾਂਤ ਵਾਤਾਵਰਨ ਮਨ ਨੂੰ ਅਗੰਮੀ ਸ਼ਾਤੀ ਬਖਸ਼ਦੇ ਸਨ। ਜਦੋਂ ਪਾਣੀ ਘਟਦਾ ਹੋਵੇਗਾ ਤਾਂ ਇਹ ਬੀਚ ਹੋਰ ਵੀ ਖੂਬਸੂਰਤ ਹੋ ਜਾਂਦੀ ਹੋਵੇਗੀ।

ਅੱਧਾ ਕੁ ਘੰਟਾ ਇੱਥੇ ਬਿਤਾ ਕੇ ਅਸੀਂ ਵਾਪਿਸ ਆਪਣੀ ਮੰਜ਼ਿਲ ਵੱਲ ਚੱਲ ਪਏ। ਪਤਾ ਲੱਗਾ ਕਿ ਇੱਥੋਂ ਬਾਬਾ ਬਾਲਕ ਨਾਥ ਦਾ ਮੰਦਰ ਤੀਹ ਕੁ ਕਿਲੋਮੀਟਰ ਹੈ ਜਿਸ ਨੂੰ ਡੇਢ ਕੁ ਘੰਟਾ ਲਗਦਾ ਹੈ। ਅੱਧੇ ਕੁ ਘੰਟੇ ਦਾ 7-8 ਕਿਲੋਮੀਟਰ ਦਾ ਸਫਰ ਕਿਸ਼ਤੀ ਵਿੱਚ ਅਤੇ ਅੱਗੇ 22 ਕਿਲੋਮੀਟਰ ਸੜਕੀ ਰਸਤੇ। ਕਿਸ਼ਤੀ ਵਿੱਚ ਹੀ ਬੈਠਿਆਂ ਨੂੰ ਸਾਹਮਣੇ ਦੱਖਣ ਵੱਲ ਉੱਚੀ ਪਹਾੜੀ 'ਤੇ ਮਾਤਾ ਨੈਣਾ ਦੇਵੀ ਦਾ ਮੰਦਰ ਵੀ ਦਿਖਾਈ ਦਿੰਦਾ ਸੀ। ਇਹ ਭਾਖੜਾ ਡੈਮ ਤੋਂ 31 ਕਿਲੋਮੀਟਰ ਪਹਾੜੀ ਸਫਰ ਹੈ ਜਿਸ ਨੂੰ ਕਾਰ ਰਾਹੀਂ ਇੱਕ ਘੰਟਾ ਲਗਦਾ ਹੈ। ਅੱਗੇ ਮੰਦਰ ਜਾਣ ਲਈ ਰੋਪ ਵੇਅ ਹੈ। ਸਮਾਂ ਵੀ ਪੰਜ ਵਜੇ ਦਾ ਹੋਣ ਵਾਲਾ ਸੀ। ਮੌਸਮ ਬਹੁਤ ਵਧੀਆ ਹੋ ਗਿਆ ਸੀ। ਸਾਢੇ ਕੁ ਪੰਜ ਵਜੇ ਅਸੀਂ ਪਹਿਲਾਂ ਵਾਲੇ ਮੰਦਰ ਕੋਲ ਜਾ ਉੱਤਰੇ। ਖੁਸ਼ੀ ਖੁਸ਼ੀ ਵਿੱਚ ਦੁਪਹਿਰ ਦੇ ਖਾਣੇ ਦੀ ਤਾਂ ਕਿਸੇ ਨੂੰ ਯਾਦ ਵੀ ਨਹੀਂ ਸੀ। ਫਿਰ ਵੀ ਬਰਾਤ ਦੀ ਆਓ ਭਗਤ ਲਈ ਖਾਣਾ ਤਿਆਰ ਸੀ। ਸਭ ਨੇ ਪਹਾੜੀ ਦੇ ਪੱਥਰਾਂ 'ਤੇ ਬੈਠ ਕੇ ਖਾਣਾ ਖਾਣ ਦਾ ਸੁਆਦ ਮਾਣਿਆਂ। ਇੱਥੇ ਘੰਟਾ ਕੁ ਮੌਜ ਮੇਲਾ ਅਤੇ ਨੱਚਟੱਪ ਕੇ ਵਾਪਿਸ ਰੋਪੜ ਆਣ ਦੀਆਂ ਤਿਆਰੀਆਂ ਕਰਨ ਲੱਗੇ।

ਭਾਖੜਾ ਡੈਮ ਤੋਂ ਸਾਢੇ ਸੱਤ ਵਜੇ ਚੱਲ ਕੇ ਬਰਾਤ ਆਪਣੇ ਸ਼ਹਿਰ ਰੂਪਨਗਰ ਵਿਖੇ ਸਾਢੇ ਨੌਂ ਵਜੇ ਪਹੁੰਚ ਗਈ। ਢੋਲ ਦੀ ਆਵਾਜ਼ ਨੇ ਬਰਾਤ ਦੇ ਖੁਸ਼ੀ ਖੁਸ਼ੀ ਵਾਪਸ ਆਉਣ ਦੀ ਖਬਰ ਦੇ ਦਿੱਤੀ। ਇੰਜ ਸਾਰਾ ਦਿਨ ਵਿਆਹ ਰਚਾ ਕੇ ਰੂਹਾਨੀ ਖੁਸ਼ੀ ਅਤੇ ਅਨੰਦ ਨੂੰ ਲਾੜੀ ਦੇ ਰੂਪ ਵਿੱਚ ਆਪਣੇ ਮਨਾਂ ਅੰਦਰ ਸਾਂਭ ਕੇ ਨਾਲ ਲੈ ਆਏ। ਇਹ ਇੱਕ ਨਵੇਕਲੀ ਹੀ ਬਰਾਤ ਸੀ ਜਿਸ ਦੀਆਂ ਯਾਦਾਂ ਹਮੇਸ਼ਾਂ ਮਨ ਵਿੱਚ ਵਸੀਆਂ ਰਹਿਣਗੀਆਂ। ਸਾਡੀ ਇਹ ਸੈਰ ਸਪਾਟਾ ਯਾਤਰਾ ਜਿੱਥੇ ਆਨੰਦਮਈ ਸੀ ਉੱਥੇ ਗਿਆਨਵਰਧਕ ਵੀ ਸੀ।

❋ ❋ ❋ ❋ ❋

ਕਹਾਣੀ

## ਮੈਂ ਕਿੱਥੇ ਜਾਵਾਂ ?

ਡਾ. ਜਸਵੰਤ ਕੌਰ ਸੈਣੀ



"ਮੈਂ ਕਿੱਥੇ ਜਾਵਾਂ ?" ਕਹਿੰਦਿਆਂ ਉਹ ਭੁੱਬੀਂ ਰੋ ਪਈ। ਉਸ ਦੀ ਮਾਲਕਣ ਰਸੋਈ ਵਿੱਚ ਨੂੰ ਦੌੜੀ ਆਈ। ਆ ਕੇ ਪੁੱਛਣ ਲੱਗੀ। ਕੀ ਹੋਇਆ ਨੀਤਾ ਉਹ ਵਾਰ ਵਾਰ ਇਹੀ ਗੱਲ ਪੁੱਛ ਰਹੀ ਸੀ। ਪਰ ਨੀਤਾ ਕੋਈ ਜਵਾਬ ਨਹੀਂ ਸੀ ਦੇ ਰਹੀ। ਸਗੋਂ ਉਹਦੇ ਹਟਕੋਰੇ ਹੋਰ ਉੱਚੀ ਉੱਚੀ ਸੁਣ ਰਹੇ ਸਨ। ਮਾਲਕਣ ਨੇ ਫਿਰ ਪੁੱਛਿਆ, "ਦੱਸ ਤਾਂ ਸਹੀ ਕੀ ਗੱਲ ਐ, ਛੇਤੀ ਬੋਲ ਮੈਨੂੰ ਦੇਰ ਹੋ ਰਹੀ ਐ। ਮੈਂ ਦਫ਼ਤਰ ਜਾਣਾ ਗੱਲ ਦੱਸ। ਨਹੀਂ ਦੱਸਣੀ ਤਾਂ ਨਾਸ਼ਤਾ ਬਣਾ"। ਆਟਾ ਕੱਢ ਕੇ ਚਕਲਾ ਵੇਲਣਾ ਚੁੱਕਣ ਲਈ ਮੂਧੀ ਹੋਈ ਕਿ ਮਾਲਕਣ ਕੋਲੋਂ ਫਿਰ ਨਾ ਰਹਿ ਹੋਇਆ, ਉਹਨੇ ਨੀਵੀਂ ਹੋਈ ਨੀਤਾ ਨੂੰ ਫੜ ਕੇ ਸਿੱਧੀ ਕੀਤਾ ਤੇ ਕਲਾਵੇ ਵਿੱਚ ਲੈ ਕੇ ਪੁਚਕਾਰਨ ਲੱਗੀ, "ਛੇਤੀ ਦੱਸ ਕੀ ਹੋਇਆ, ਕੀ ਕੋਈ ਖਤਰੇ ਵਾਲੀ ਗੱਲ ਐ, ਕੀ ਕੋਈ ਅਣਹੋਣੀ ਹੋਈ ਐ ਛੇਤੀ ਦੱਸ"।

ਨੀਤਾ ਨੇ ਜਦੋਂ ਮਾਲਕਣ ਦੇ ਇਸ ਤਰ੍ਹਾਂ ਤੇ ਹਮਦਰਦੀ ਭਰੇ ਬੋਲ ਸੁਣੇ, ਉਹ ਸਗੋਂ ਹੋਰ ਫੁੱਟ ਫੁੱਟ ਕੇ ਰੋਣ ਲੱਗੀ।

"ਦੀਦੀ ਮੈਂ ਕਿੱਥੇ ਜਾਵਾਂ?" "ਕਿੱਥੇ ਜਾਣ ਦਾ ਕੀ ਮਤਲਬ, ਸਾਡੇ ਕੋਲ ਮੇਡ ਆ ਜਾਏਗੀ ਤਾਂ ਤੈਨੂੰ ਅਸੀਂ ਹੋਸਟਲ ਛੱਡ ਆਵਾਗੇ"। "ਨਹੀਂ ਦੀਦੀ ਹੁਣ ਮੈਂ ਹੋਸਟਲ ਨਹੀਂ ਜਾ ਸਕਾਂਗੀ"। ਮਾਲਕਣ ਨੇ ਫਟਾਫਟ ਰੋਟੀ ਦੀਆਂ ਦੋ ਚਾਰ ਗਰਾਹੀਆਂ ਖਾਧੀਆਂ। ਨੀਤਾ ਨੂੰ ਤਿਆਰ ਹੋਣ ਲਈ ਕਿਹਾ। ਆਪਣੇ ਦਫ਼ਤਰੋਂ ਅੱਧੇ ਦਿਨ ਦੀ ਛੁੱਟੀ ਲੈਣ ਲਈ ਫੋਨ ਕੀਤਾ। ਘਰ ਨੂੰ ਤਾਲਾ ਲਾਇਆ। ਗੱਡੀ ਬਾਹਰ ਕੱਢੀ। ਗੱਡੀ ਵਿਚ ਨੀਤਾ ਨੂੰ ਬਿਠਾਇਆ ਤੇ ਉਸਦੇ ਹੋਸਟਲ ਵਲ ਚੱਲ ਪਈ।

ਰਾਹ ਵਿੱਚ ਮਾਲਕਣ ਨੇ ਗੱਡੀ ਇੱਕ ਪਾਸੇ ਲਗਾਈ ਅਤੇ ਆਪਣੇ ਪਤੀ ਨੂੰ ਫ਼ੋਨ ਉੱਤੇ ਅੱਜ ਦੀ ਸਾਰੀ ਰਾਮ ਕਹਾਣੀ ਦੱਸਣ ਲੱਗੀ। ਉਸਦਾ ਪਤੀ ਕਹਿ ਰਿਹਾ ਸੀ, "ਮੇਮ ਸਾਹਿਬ! ਇਹਨਾਂ ਲੋਕਾਂ ਦੀਆਂ ਗੱਲਾਂ ਸੁਣ ਕੇ ਐਨੇ ਭਾਵੁਕ ਨਾ ਹੋਵੋ। ਠੰਡੇ ਦਿਮਾਗ ਨਾਲ ਸੋਚੋ ਆਪਾਂ ਕੀ ਹੱਲ ਕਰ ਸਕਦੇ ਆ। ਇਹ ਉਹਨਾਂ ਦਾ ਘਰੇਲੂ ਮਸਲਾ"।

ਮਾਲਕਣ ਜ਼ਿਆਦਾ ਹੀ ਤੈਸ਼ ਵਿਚ ਸੀ। ਉਹ ਵੋਮੈਨ ਸੈੱਲ ਰਾਹੀਂ ਰਾਕੇਸ਼ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਇਸ ਕਰਕੇ ਉਸਨੂੰ ਇਕ ਖਾਸ ਥਾਂ ਤੇ ਬੁਲਾ ਰਹੀ ਸੀ। ਪਰੰਤੂ ਮਾਲਕਣ ਦੇ ਪਤੀ ਨੇ ਫਿਰ ਫ਼ੋਨ 'ਤੇ ਕਿਹਾ, "ਬਹੁਤੀ ਇਨਕਲਾਬੀ ਨਾ ਬਣ। ਜੇ ਤੂੰ ਰਾਕੇਸ਼ ਨੂੰ ਪੁਲਿਸ ਰਾਹੀਂ ਸਬਕ ਸਿਖਾਏਂਗੀ ਤਾਂ ਦੁਸ਼ਮਣੀ ਵਧੇਗੀ। ਸਾਨੂੰ ਮੇਡ ਦੀ ਹਮੇਸ਼ਾਂ ਲੋੜ ਰਹਿਣੀ ਐਂ। ਐਵੇਂ ਮਗਰਮੱਛ ਨਾਲ ਵੈਰ ਨਾ ਪਾ। ਉਹ ਗੁੱਸੇ ਵਿਚ ਆਕੇ ਸਾਡਾ ਤੇ ਸਾਡੇ ਬੱਚੇ ਦਾ ਕਿਤੇ ਨੁਕਸਾਨ ਨਾ ਕਰ ਦੇਵੇ"।

ਇੰਨਾ ਕਹਿਣ ਤੇ ਮਾਲਣ ਦਾ ਸੱਤਵੇਂ ਅਸਮਾਨ ਦਾ ਗੁੱਸਾ ਵੀ ਕੁਝ ਠੰਡਾ ਹੋਇਆ। ਪਰ ਉਸ ਨੇ ਨੀਤਾ ਨੂੰ ਕੁਝ ਜਾਹਰ ਨਹੀਂ ਹੋਣ ਦਿੱਤਾ। ਜਦ ਤੱਕ ਨੀਤਾ ਵੀ ਸੋਚ ਸੋਚ ਕੇ ਕਿਸੇ ਸਿੱਟੇ ਉੱਤੇ ਪਹੁੰਚ ਗਈ ਲੱਗਦੀ ਸੀ।

ਮਾਲਕਣ ਨੇ ਕਿਹਾ, "ਨੀਤਾ ਪੁਲਿਸ ਥਾਣੇ ਚਲੀਏ ਉੱਥੇ ਰਾਕੇਸ਼ ਨੂੰ ਬੁਲਾ ਲੈਂਦੇ ਆਂ। ਪੁਲਿਸ ਨੇ ਤੱਕਲੇ ਵਰਗਾ ਸਿੱਧਾ ਕਰ ਦੇਣਾ ਉਹਨੂੰ ਦੋ ਮਿੰਟਾਂ ਵਿੱਚ ਹੀ"।

ਨੀਤਾ ਰੋਂਦਿਆਂ ਰੋਂਦਿਆਂ ਬੋਲੀ, "ਉਸ ਬੇਸ਼ਰਮ ਦਾ ਕੀ ਐ ਤੁਹਾਡੇ ਪੈਰੀਂ ਪਵੇਗਾ। ਪੁਲੀਸ ਦੇ ਪੈਰੀਂ ਪਵੇਗਾ... ਬੱਸ ਫਿਰ....... ਮੈਨੂੰ ਲੈ ਜਾਵੇਗਾ ਫਿਰ...ਫਿਰ... ਪਰ ਹੁਣ ਮੇਰਾ ਮਨ ਨਹੀਂ ਉਹਦੇ ਨਾਲ ਭਿੱਜਣ ਲੱਗਾ"।

"ਪਰ ਦੀਦੀ ਉਹ ਭਾਵੇਂ ਖ਼ਰਾਬ ਹੈ, ਉਹਦਾ ਸਾਰਾ ਪਰਿਵਾਰ ਚੰਗਾ ਐ। ਮੇਰੇ ਨਾਲ ਪਿਆਰ ਵੀ ਕਰਦੇ ਐ। ਹੋਰ ਹੁਣ ਮੈਂ ਕਿੱਥੇ ਜਾਵਾਂ ਮਾਂ ਨਿੱਕੇ ਹੁੰਦਿਆਂ ਮਰ ਗਈ। ਬਾਪ ਬਿਮਾਰ ਰਹਿੰਦੈ। ਵੱਡੀ ਭਾਬੀ ਲੜਾਕੀ ਐ, ਉਹਦੇ ਕੋਲ ਮੈਂ... ਛੋਟਾ ਭਰਾ ਬਿਮਾਰ ਬਾਪ ਨੂੰ ਦੇਖੇਗਾ ਕਮਾਈ ਕਰੇਗਾ ਆਪਣੇ ਬੱਚੇ ਪਾਲੇਗਾ ਕਿ ਮੈਨੂੰ ਸਾਂਭੇਗਾ, ਉਹਦੇ ਦਰ ਤੇ ਜਾਕੇ ਮੈਂ ਕਿਵੇਂ ਬੈਠਾਂ"?

ਹਉਕਾ ਲੈਂਦਿਆਂ.... "ਮੇਰੀ ਕਿਸਮਤ ਵਿਚ ਇੱਥੇ ਦੀਆਂ ਠੋਕਰਾਂ ਲਿਖੀਆਂ। ਬੱਸ ਹੁਣ ਮੈਂ ਸੋਚ ਲਿਆ। ਮੈਂ ਕਿਤੇ ਨਹੀਂ ਜਾਵਾਂਗੀ। ਮੈਂ ਨੌਕਰੀ ਕਰਾਂਗੀ। ਕਮਾਵਾਂਗੀ ਆਜ਼ਾਦੀ ਨਾਲ ਰਹਾਂਗੀ। ਤੁਸੀਂ ਰੱਖੋਗੇ ਤਾਂ ਤੁਹਾਡੇ ਕੋਲ, ਨਹੀਂ ਤਾਂ ਹੋਰ ਕਿਸੇ ਦੇ ਘਰ ਨੌਕਰਾਨੀ ਬਣਕੇ ਕਮਾਵਾਂਗੀ। ਬੱਸ ਹੁਣ ਮੈਂ ਆਪੇ ਰਹਾਂਗੀ"।

* * * * *

......ਪੰਨਾ 24 ਦੀ ਬਾਕੀ

ਗਿਆ ਹੈ। ਉਨ੍ਹਾਂ ਨੇ ਦਸ ਨਾਵਲ ਲਿਖੇ ਹਨਅਤੇ ਇਸ ਸਮੇਂ ਇੰਗਲੈਂਡ ਦੀ ਯੂਨੀਵਰਸਿਟੀ ਆਫ ਕੈਂਟ ਵਿੱਚ ਪ੍ਰੋਫੈਸਰ ਹਨ।





**ਸ਼ਾਂਤੀ–** ਇਹ ਇਨਾਮ ਫਿਲਪੀਨਜ਼ ਦੀ ਪੱਤਰਕਾਰ ਮਾਰੀਆ ਰੈਸਾ ਅਤੇ ਰੂਸ ਦੇ ਪੱਤਰਕਾਰ ਦਮਿੱਤਰੀ ਮੁਰਾਤੋਵ ਨੂੰ ਪ੍ਰਗਟਾਵੇ ਦੀ ਅਜ਼ਾਦੀ ਦੀ ਲੜਾਈ ਵਿੱਚ ਪਾਏ ਯੋਗਦਾਨ ਲਈ ਦਿੱਤਾ ਗਿਆ ਹੈ। ਰੈਸਾ ਨੇ ਫਿਲਪੀਨਜ਼ ਵਿੱਚ ਰਾਸ਼ਟਰਪਤੀ ਰੌਡਰਿਗੋ ਡਿਉਟਰਟ ਦੇ ਕਾਰਜ ਕਾਲ ਦੌਰਾਨ ਹੋਏ ਵਿਵਾਦਿਤ ਤੇ ਖ਼ੂਨੀ ਨਸ਼ਾ ਵਿਰੋਧੀ ਮੁਹਿੰਮ ਵੱਲ ਧਿਆਨ ਦਵਾਇਆ ਸੀ ਜਦੋਂ ਕਿ ਦਮਿੱਤਰੀ ਮੁਰਾਤੋਵ ਅਤਿ ਦਾ ਪ੍ਰਤਿਭਾਸ਼ਾਲੀ ਤੇ ਦਲੇਰ ਅਖ਼ਬਾਰ ਦਾ ਸੰਚਾਲਕ ਹੈ।



# ਆਓ ਜ਼ਿੰਦਗੀ ਦੇ ਅਸਲੀ ਮਕਸਦ ਨੂੰ ਸਮਝੀਏ

ਸੰਦੀਪ ਸਿੰਘ ਸੈਣੀ
ਮੋਹਾਲੀ

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਨਿਰੰਕਾਰ ਪ੍ਰਭੂ ਨੇ ਇਸ ਧਰਤੀ 'ਤੇ ਭੇਜਿਆ ਹੈ। ਇਸ ਧਰਤੀ 'ਤੇ ਆਉਣ ਦਾ ਸਾਡਾ ਵੀ ਕੋਈ ਉਦੇਸ਼ ਹੈ। ਅਸੀਂ ਇੱਥੇ ਕੋਈ ਸਦਾ ਲਈ ਨਹੀਂ ਆਏ। ਅਸੀਂ ਇਕ ਨਾ ਇੱਕ ਦਿਨ ਇਸ ਸੰਸਾਰ ਤੋਂ ਰੁਖਸਤ ਹੋਣਾ ਹੈ। ਪਰ ਅੱਜ ਦਾ ਇਨਸਾਨ, ਉਹ ਕੰਮ ਭੁੱਲ ਚੁੱਕਾ ਹੈ ਜੋ ਨਿਰੰਕਾਰ ਪ੍ਰਭੂ ਨੇ ਉਸ ਨੂੰ ਧਰਤੀ 'ਤੇ ਕਰਨ ਲਈ ਭੇਜਿਆ ਹੈ। ਉਸ ਨੇ ਜ਼ਿੰਦਗੀ ਦਾ ਅਸਲ ਉਦੇਸ਼ ਭੁਲਾ ਦਿੱਤਾ ਹੈ।

ਸਾਲ 2005 ਵਿਚ ਸੁਨਾਮੀ ਨੇ ਜੋ ਕਹਿਰ ਮਚਾਇਆ, ਅਸੀਂ ਭੁੱਲ ਨਹੀਂ ਸਕਦੇ। ਫਿਰ 2012 ਵਿੱਚ ਉੱਤਰਾਖੰਡ ਵਿੱਚ ਹੜ੍ਹ ਦੀ ਮਾਰ ਕਾਰਨ ਜੋ ਤਬਾਹੀ ਮਚੀ, ਦਿਲ ਕੰਬਾ ਦੇਣ ਵਾਲੀ ਸੀ। ਹੜ੍ਹਾਂ 'ਚ ਗੱਡੀਆਂ ਦੀਆਂ ਗੱਡੀਆਂ ਰੁੜ੍ਹ ਗਈਆਂ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਫਿਰ ਵੀ ਇਨਸਾਨ ਸੁਧਰਿਆ ਨਹੀਂ। ਸੰਨ 2003 ਵਿੱਚ ਗੁਜਰਾਤ ਵਿਖੇ ਭੂਚਾਲ ਕਾਰਨ ਹਜ਼ਾਰਾਂ ਹੀ ਲੋਕ ਮਾਰੇ ਗਏ। ਕੁਦਰਤ ਇਨਸਾਨ ਨੂੰ ਲਗਾਤਾਰ ਇਸ਼ਾਰੇ ਕਰ ਰਹੀ ਹੈ। ਪਰ ਇਨਸਾਨ ਬਿਲਕੁਲ ਨਹੀਂ ਸੁਧਰਿਆ। 2020 ਵਿੱਚ ਕਰੋਨਾ ਨੇ ਭਾਰਤ ਵਿੱਚ ਦਸਤਕ ਦਿੱਤੀ। ਜ਼ਿੰਦਗੀ ਥੰਮ੍ਹ ਗਈ ਸੀ। ਕੁਦਰਤ ਨਵ ਨਵੇਲੀ ਵਹੁਟੀ ਦੀ ਤਰ੍ਹਾਂ ਸਜ ਗਈ ਸੀ। ਸਿਰਫ ਜੀਵ-ਜੰਤੂ ਹੀ ਆਜ਼ਾਦ ਸਨ। ਇਨਸਾਨ ਘਰ ਅੰਦਰ ਬੰਦ ਸੀ। ਦਰਿਆ ਵੀ ਸਾਫ਼ ਹੋ ਗਏ ਸਨ। ਪੰਛੀ ਅਠਖੇਲੀਆਂ ਕਰਦੇ ਨਜ਼ਰ ਆ ਰਹੇ ਸਨ। ਫਿਰ ਵੀ ਇਨਸਾਨ ਨਹੀਂ ਸੁਧਰਿਆ।

ਸਾਨੂੰ ਗੁਰੂ ਨਾਨਕ ਦੇਵ ਜੀ ਨੇ ਦਸ ਨਹੁੰਆਂ ਦੀ ਕਿਰਤ ਕਰਨ ਲਈ ਕਿਹਾ ਸੀ। ਮਿਹਨਤ ਕਰਨ ਲਈ ਪ੍ਰੇਰਿਆ ਸੀ, ਨਾ ਕਿ ਕਿਸੇ ਨੂੰ ਸ਼ਰਮਿੰਦਾ ਕਰਨ ਲਈ। ਨਿਜੀ ਸਵਾਰਥਾਂ ਖ਼ਾਤਰ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਪੈਸੇ ਦੀ ਹੋੜ ਲੱਗੀ ਹੋਈ ਹੈ। ਮਾਇਆ, ਪੈਸਾ ਤਾਂ ਗੁਜ਼ਰਾਨ ਲਈ ਹੈ। ਇਨਸਾਨ ਗਲਤ ਕੰਮ ਕਰ ਕੇ ਆਪਣੇ ਬੈਂਕਾਂ ਦੇ ਖਾਤਿਆਂ ਵਿੱਚ ਮਾਇਆ ਇਕੱਠੀ ਕਰ ਰਿਹਾ ਹੈ। ਇਨਸਾਨੀਅਤ ਖਤਮ ਹੋ ਰਹੀ ਹੈ। ਪੈਸੇ ਦੀ ਹੋੜ ਕਾਰਨ ਭਰਾ-ਭਰਾ ਦਾ ਦੁਸ਼ਮਣ ਬਣ ਗਿਆ ਹੈ। ਇਨਸਾਨ ਨੂੰ ਪ੍ਰਭੂ ਦਾ ਬਿਲਕੁਲ ਵੀ ਡਰ ਨਹੀਂ ਰਿਹਾ। ਵਿਚਾਰਨ ਵਾਲੀ ਗੱਲ ਹੈ ਕਿ ਕੀ ਪ੍ਰਭੂ ਨੇ ਸਾਨੂੰ ਧਰਤੀ 'ਤੇ ਮਾਇਆ ਇਕੱਠੀ ਕਰਨ ਲਈ ਭੇਜਿਆ ਹੈ? ਜ਼ਿੰਦਗੀ ਦਾ ਅਸਲ ਮਕਸਦ ਹੈ 'ਭਗਤੀ'। ਜਦੋਂ ਅਸੀਂ ਇਸ ਸੰਸਾਰ ਤੋਂ ਰੁਖਸਤ ਹੋਵਾਂਗੇ, ਤਾਂ ਨਿਰੰਕਾਰ ਦੀ ਦਰਗਾਹ ਵਿੱਚ ਸਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ। ਨਿਰੰਕਾਰ ਸਾਡੇ ਚੰਗੇ-ਮਾੜੇ ਕੰਮਾਂ ਨੂੰ ਦੇਖਦਾ ਹੈ। ਸਾਨੂੰ ਹਰ ਸਾਹ ਨਿਰੰਕਾਰ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰਬਾਣੀ ਵਿੱਚ ਫੁਰਮਾਇਆ ਹੈ, 'ਸਾਸਿ ਸਾਸਿ ਸਿਮਰਹੁ ਗੋਬਿੰਦ, ਮਨ ਅੰਤਰ ਕੀ ਉਤਰੈ ਚਿੰਦ'। ਨਿਰੰਕਾਰ ਦੀ ਕਚਹਿਰੀ ਵਿਚ ਸਾਨੂੰ ਸਾਰਿਆਂ ਨੂੰ ਆਪਣੇ ਕਰਮਾਂ ਦਾ ਹਿਸਾਬ ਦੇਣਾ ਹੋਵੇਗਾ। ਜ਼ਿੰਦਗੀ ਬਹੁਤ ਛੋਟੀ ਹੈ। ਪਤਾ ਹੀ ਨਹੀ ਕਦੋਂ ਨਿਰੰਕਾਰ ਦਾ ਸੱਦਾ ਆ ਜਾਣਾ ਹੈ। ਬਿਨਾਂ ਭਗਤੀ ਦੇ ਇਹ ਜੀਵਨ ਬੇਕਾਰ ਹੈ। ਸਮਾਂ ਰਹਿੰਦਿਆਂ ਸਾਨੂੰ ਨਿਰੰਕਾਰ ਦੀ ਭਗਤੀ ਕਰਨੀ ਚਾਹੀਦੀ ਹੈ। ਅਕਸਰ ਕਿਹਾ ਜਾਂਦਾ ਹੈ, 'ਜੇ ਸਾਡਾ ਲੋਕ ਸੁਖੀ ਹੋਵੇਗਾ, ਤਾਂ ਪ੍ਰਲੋਕ ਆਪਣੇ ਆਪ ਸੁਹੇਲਾ ਹੋ ਜਾਵੇਗਾ'।

## ਸ਼ਰਧਾਂਜਲੀ

ਆਨਰੇਰੀ ਲੈਫਟੀਨੈਂਟ ਸ. ਹਰਚਰਨ ਸਿੰਘ ਸੈਣੀ (ਭੱਕੂ ਮਾਜਰਾ) ਦੇ ਹੋਣਹਾਰ ਪੋਤਰੇ ਅਤੇ ਰੋਪੜ ਸ਼ਹਿਰ ਵਿੱਚ ਗਿਆਨੀ ਜ਼ੈਲ ਸਿੰਘ ਨਗਰ ਦੇ ਵਾਸੀ ਐਸ.ਡੀ.ਓ. ਜਗਮੋਹਣ ਸਿੰਘ ਤੇ ਸ਼੍ਰੀਮਤੀ ਹਰਬੰਸ ਕੌਰ ਦੇ ਸਪੁੱਤਰ **ਕਰਨਲ ਅਮਨਜੋਤ ਸਿੰਘ** ਦੀ ਅਚਾਨਕ ਮੌਤ ਨੇ ਨਾ ਸਿਰਫ ਪਰਿਵਾਰ, ਸਵਰਗਵਾਸੀ ਦੀ ਧਰਮ ਪਤਨੀ ਲੈਕਚਰਾਰ ਗੁਰਿੰਦਰ ਕੌਰ, ਸਪੁੱਤਰ ਪ੍ਰਥਮਜੋਤ ਸਿੰਘ ਅਤੇ ਭਰਾ ਨੂੰ ਗਹਿਰਾ ਸਦਮਾ ਪਹੁੰਚਾਇਆ ਹੈ ਬਲਕਿ ਇਲਾਕਾ ਨਿਵਾਸੀਆਂ ਅਤੇ ਭਾਰਤੀ ਫੌਜ ਦੀ 235 ਇੰਜਨੀਅਰਿੰਗ ਪਲਟਣ ਜਿਸ ਦੇ ਉਹ ਹੋਣਹਾਰ ਅਫਸਰ ਸਨ ਨੂੰ ਵੀ ਨਾਪੂਰਾ ਹੋਣ ਵਾਲਾ ਘਾਟਾ ਪਿਆ ਹੈ। ਕਰਨਲ ਅਮਨਜੋਤ ਸਿੰਘ ਨੇ ਸਕੂਲੀ ਸਿੱਖਿਆ ਬਸੀ ਗੁੱਜਰਾਂ ਦੇ ਸਕੂਲ ਤੋਂ ਹਾਸਲ ਕਰਨ ਉਪਰੰਤ ਬੀ.ਟੈਕ ਦੀ ਡਿਗਰੀ ਲੁਧਿਆਣਾ ਦੇ ਇੰਜਨੀਅਰਿੰਗ ਕਾਲਜ ਤੋਂ ਅਤੇ ਐਮ.ਟੈਕ ਆਈ.ਆਈ.ਟੀ ਦਿੱਲੀ ਤੋਂ ਪਾਸ ਕੀਤੀ। ਉਸ ਨੇ 2004 ਵਿੱਚ ਭਾਰਤੀ ਥਲ ਸੈਨਾ ਵਿੱਚ ਕਮਿਸ਼ਨ ਹਾਸਲ ਕਰਕੇ ਛੋਟੀ ਉਮਰ ਵਿੱਚ ਹੀ ਲੈਫਟੀਨੈਂਟ ਦਾ ਅਹੁਦਾ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਸਮੇਂ ਉਹ ਨੇਵੀ ਵਿੱਚ ਕਿਸੇ ਖਾਸ ਮਿਸ਼ਨ ਅਧੀਨ ਸੇਵਾ ਨਿਭਾ ਰਹੇ ਸਨ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।





# ਦੂਸ਼ਿਤ ਖਾਣਾ ਰੋਗੀ ਤਾਣਾ ਬਾਣਾ

ਜਸਵੰਤ ਸਿੰਘ ਸੈਣੀ
ਰੂਪਨਗਰ

ਆਜ਼ਾਦ ਭਾਰਤ ਨੇ ਬੀਤੀ ਪੌਣੀ ਸਦੀ ਦੇ ਦੌਰਾਨ ਡੇਢ ਦਰਜਨ ਦੇ ਕਰੀਬ ਪ੍ਰਧਾਨ ਮੰਤਰੀ ਅਤੇ ਢੇਰ ਸਾਰੇ ਦੇਸ਼ ਦੀ ਨੁਹਾਰ ਬਦਲਣ ਦਾ ਦਾਵਾ ਕਰਨ ਵਾਲੇ ਆਗੂ ਵੇਖੇ ਹਨ। ਸਾਰਿਆਂ ਨੇ ਆਪਣੀ ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਭਾਵੇਂ ਦੇਸ਼ ਦੀ ਬਿਹਤਰੀ ਅਤੇ ਤਰੱਕੀ ਲਈ ਬਹੁਤ ਕੁੱਝ ਕੀਤਾ ਹੈ ਪਰੰਤੂ ਦੇਸ਼ਵਾਸੀਆਂ ਦੀ ਖੁਰਾਕ ਵਿੱਚ ਸ਼ਾਮਿਲ ਵਸਤੂਆਂ ਦੀ ਗੁਣਵੱਤਾ ਵੱਲ ਧਿਆਨ ਕਿਸੇ ਵੀ ਆਗੂ ਨੇ ਪੂਰੀ ਸੰਜੀਦਗੀ ਅਤੇ ਮਜ਼ਬੂਤ ਇਰਾਦੇ ਨਾਲ ਨਹੀਂ ਦਿਤਾ। ਵਰਤਮਾਨ ਭਾਰਤ ਵਿੱਚ ਵਿਚਰਦਿਆਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਦੇਸ਼ ਦੇ ਹੁਕਮਰਾਨਾਂ ਦਾ ਧਿਆਨ ਖਾਣਪੀਣ ਦੀਆਂ ਚੀਜ਼ਾਂ ਨਾਲ ਦੇਸ਼ਵਾਸੀਆਂ ਦੇ ਢਿੱਡ ਭਰਨ ਤੱਕ ਹੀ ਸੀਮਿਤ ਰਿਹਾ ਹੈ ਅਤੇ ਖੁਰਾਕ ਸਬੰਧੀ ਬਹੁਤ ਹੀ ਮਹੱਤਵਪੂਰਨ ਪੱਖ-ਖੁਰਾਕੀ ਵਸਤੂਆਂ ਦੀ ਸ਼ੁੱਧਤਾ ਅਤੇ ਗੁਣਵੱਤਾ ਵੱਲਾਂ ਬੇਧਿਆਨੇ ਰਹੇ ਹਨ। ਇਹ ਹੀ ਵਜ੍ਹਾ ਹੈ ਕਿ ਦੇਸ਼ਵਾਸੀਆਂ ਨੂੰ ਖਾਣਪੀਣ ਦੀਆਂ ਲਗਭਗ ਸੱਭ ਪ੍ਰਕਾਰ ਦੀਆਂ ਵਸਤੂਆਂ ਪ੍ਰਦੂਸ਼ਿਤ, ਮਿਲਾਵਟੀ, ਨਕਲੀ, ਰਸਾਇਣਿਕ ਅਤੇ ਜ਼ਹਿਰੀਲੇ ਤੱਤਾਂ ਨਾਲ ਲਬਰੇਜ਼ ਮਿਲ ਰਹੀਆਂ ਹਨ। ਇੱਥੋਂ ਤੱਕ ਕਿ ਗਲੀਆਂ-ਸੜੀਆਂ ਚੀਜ਼ਾਂ ਵੀ ਬਾਜ਼ਾਰ ਵਿੱਚ ਵਿਕਦੀਆਂ ਹਨ। ਗੈਰਮਿਆਰੀ ਖਾਧ ਸਮੱਗਰੀ ਬਿਨਾ ਸ਼ੱਕ ਅਨੇਕ ਰੋਗਾਂ ਨੂੰ ਸੱਦਾ ਦਿੰਦੀ ਹੈ। ਇਹ ਘਟੀਆ ਅਤੇ ਦੋਸ਼ਪੂਰਨ ਵਰਤਾਰਾ ਦੇਸ਼ਵਾਸੀਆਂ ਦੀ ਸਿਹਤ 'ਤੇ ਬਹੁਤ ਮਾੜਾ ਅਸਰ ਪਾਉਂਦਾ ਹੈ ਜਿਸ ਕਰਕੇ ਲੋਕੀਂ ਬਿਮਾਰੀਆਂ ਅਤੇ ਹਸਪਤਾਲਾਂ ਦੇ ਮਾਯਾਜਾਲ ਵਿੱਚ ਹੀ ਫਸੇ ਰਹਿੰਦੇ ਹਨ। ਬਿਮਾਰੀਆਂ ਦੀ ਬਹੁਤਾਤ ਦੇ ਹੁੰਦਿਆਂ ਦੇਸ਼ ਕਦੇ ਵੀ ਤਰੱਕੀ ਨਹੀਂ ਕਰ ਸਕਦਾ।

ਹਰ ਦੇਸ਼ਵਾਸੀ ਦੀ ਸੁਭਾਵਕ ਇੱਛਾ ਇਹ ਹੁੰਦੀ ਹੈ ਕਿ ਉਸ ਦਾ ਦੇਸ਼ ਤਰੱਕੀ ਕਰੇ ਅਤੇ ਉਸ ਦਾ ਦੇਸ਼ ਵਿਸ਼ਵ ਵਿੱਚ ਹਰ ਪੱਖੋਂ ਮੋਹਰੀ ਹੋਣ ਦਾ ਮਾਣ ਪ੍ਰਾਪਤ ਕਰੇ। ਪਰੰਤੂ ਵਤਨਪ੍ਰਸਤੀ ਦੀ ਇਹ ਸੋਚ ਮੌਜੂਦਾ ਭਾਰਤ ਵਿੱਚ ਵੇਖਣ ਵਿੱਚ ਨਹੀਂ ਆ ਰਹੀ। ਅਸੀਂ ਖੇਡਾਂ ਅਤੇ ਹੋਰ ਬਹੁਤ ਸਾਰੇ ਪਹਿਲੂਆਂ ਵਿੱਚ ਛੋਟੇ ਛੋਟੇ ਦੇਸ਼ਾਂ ਤੋਂ ਵੀ ਬਹੁਤ ਪਿੱਛੇ ਹਾਂ। ਕਾਰਨ ਬੜਾ ਸਪਸ਼ਟ ਹੈ ਕਿ ਦੇਸ਼ਵਾਸੀ ਪੂਰੀ ਤਰ੍ਹਾਂ ਸਿਹਤਯਾਬ ਅਤੇ ਰਿਸ਼ਟਪੁਸ਼ਟ ਨਹੀਂ ਹਨ। ਦੇਸ਼ ਦਾ ਹਰ ਵਿਅਕਤੀ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋਇਆ ਮਿਲਦਾ ਹੈ। ਦੇਸ਼ਵਾਸੀਆਂ ਦੇ ਨਿਰੋਗ ਅਤੇ ਰਿਸਟਪੁਸ਼ਟ ਨਾ ਹੋਣ ਦਾ ਵੱਡਾ ਕਾਰਣ ਉਨ੍ਹਾਂ ਨੂੰ ਮਿਲ ਰਹੀ ਖੁਰਾਕ ਦਾ ਸਹੀ ਅਤੇ ਸ਼ੁੱਧ ਨਾ ਹੋਣਾ ਹੈ। ਅੱਛੀ ਸਿਹਤ ਵਾਸਤੇ ਖੁਰਾਕੀ ਵਸਤਾਂ ਦਾ ਮਿਕਦਾਰ ਪੱਖੋਂ ਹੀ ਪੂਰਾ ਹੋਣਾ ਕਾਫੀ ਨਹੀਂ ਹੈ ਸਗੋਂ ਉਨ੍ਹਾਂ ਦਾ ਗੁਣਆਤਮਕ ਪੱਖੋਂ ਵੀ ਸਹੀ ਹੋਣਾ ਜ਼ਰੂਰੀ ਹੈ। ਖੁਰਾਕੀ ਵਸਤੂਆਂ ਤਾਂ ਹੀ ਪੌਸ਼ਟਿੱਕ ਹੋਣਗੀਆਂ ਜੇਕਰ ਉਹ ਸ਼ੁੱਧ ਹੋਣ। ਜਦੋਂ ਤੀਕਰ ਨਾਗਰਿਕਾਂ ਨੂੰ ਸਾਫ ਸੁਥਰੀ, ਰਸਾਇਣ ਅਤੇ ਜ਼ਹਿਰ ਮੁਕਤ ਖੁਰਾਕੀ ਵਸਤੂਆਂ ਉਪਲਬਧ ਨਹੀਂ ਹੋਣਗੀਆਂ ਉਦੋਂ ਤੱਕ ਉਨ੍ਹਾਂ ਨੂੰ ਅਲੱਗ ਅਲੱਗ ਬਿਮਾਰੀਆਂ ਘੇਰਦੀਆਂ ਹੀ ਰਹਿਣਗੀਆਂ ਅਤੇ ਉਨ੍ਹਾਂ ਦੀ ਸਿਹਤ ਪੂਰੀ ਤਰ੍ਹਾਂ ਠੀਕ ਰਹਿ ਹੀ ਨਹੀਂ ਸਕਦੀ। ਜਦੋਂ ਦੇਸ਼ਵਾਸੀ ਹੀ ਬਿਮਾਰ ਰਹਿਣਗੇ ਤਾਂ ਦੇਸ਼ ਤਾਂ ਬਿਮਾਰ ਰਹੇਗਾ ਹੀ। ਦੇਸ਼ ਲਈ ਤਰੱਕੀ ਦੀਆਂ ਉੱਚੀਆਂ ਮੰਜ਼ਲਾਂ ਹਾਸਿਲ ਕਰਨੀਆਂ ਦੂਰ ਦੀ ਗੱਲ ਬਣੀ ਰਹੇਗੀ ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਦੇਸ਼ਵਾਸੀਆਂ ਨੂੰ ਉਪਲਬਧ ਖਾਧ ਸਮੱਗਰੀ ਦੀ ਗੁਣਵੱਤਾ ਵਿੱਚ ਸੁਧਾਰ ਤਾਂ ਕੀ ਆਉਣਾ ਸੀ ਸਗੋਂ ਬਹੁਤ ਜ਼ਿਆਦਾ ਨਿਘਾਰ ਆਇਆ ਹੈ। ਦੇਸ਼ ਦੇ ਨਾਗਰਿਕ ਲੰਬੇ ਅਰਸੇ ਤੋਂ ਲਗਾਤਾਰ ਗੈਰਮਿਆਰੀ, ਦੂਸ਼ਿਤ, ਜ਼ਹਿਰੀਲੇ ਅਤੇ ਨੁਕਸਾਨਦੇਹ ਤੱਤਾਂ ਨਾਲ ਲੈਸ ਖੁਰਾਕੀ ਵਸਤਾਂ ਖਾਣ ਦੀ ਮਜਬੂਰੀ ਝੱਲ ਰਹੇ ਹਨ। ਇਨ੍ਹਾਂ ਹਾਲਾਤਾਂ ਵਿੱਚ ਇਲਾਜ ਕਰਵਾ ਰਹੇ ਬਿਮਾਰ, ਛੋਟੇ ਬੱਚੇ ਅਤੇ ਵਡੇਰੀ ਉਮਰ ਦੇ ਬਜ਼ੁਰਗ ਤਾਂ ਕੁੱਝ ਜ਼ਿਆਦਾ ਹੀ ਪੀੜਤ ਹਨ। ਬਿਮਾਰੀਆਂ ਤੋਂ ਬਚਣ ਲਈ ਖੁਰਾਕੀ ਵਸਤਾਂ ਜਿਵੇਂ ਦੁੱਧ, ਸ਼ਹਿਦ, ਫਰੂਟ, ਸਬਜ਼ੀਆਂ ਆਦਿ ਚੀਜ਼ਾਂ ਦਾ ਸਹੀ ਮਿਲਣਾ ਦੁਰਲੱਭ ਹੋ ਗਿਆ ਹੈ। ਬਿਮਾਰ ਹੋਰ ਜ਼ਿਆਦਾ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ਕਿਉਂਕਿ ਚੀਜ਼ਾਂ ਸ਼ੁੱਧ ਨਾ ਮਿਲਣ ਕਰਕੇ ਉਨ੍ਹਾਂ ਨੂੰ ਨੁਕਸਾਨਦੇਹ ਤੱਤਾਂ ਵਾਲੀਆਂ ਚੀਜ਼ਾਂ ਦਾ ਸੇਵਨ ਹੀ ਕਰਨਾ ਪੈਂ ਰਿਹਾ ਹੈ। ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਸਪਲਾਈ ਵਿੱਚ ਬਹੁਤ ਹੇਰਾਫੇਰੀ ਵੇਖਣ ਵਿੱਚ ਆਉਂਦੀ ਹੈ। ਕਾਰੋਬਾਰੀਆਂ ਵੱਲੋਂ ਜ਼ਿਆਦਾ ਮੁਨਾਫਾ ਕਮਾਉਣ ਲਈ ਕੱਚੇ ਫਲਾਂ ਨੂੰ ਪਕਾਉਣ, ਅਣਵਿਕੇ ਮਾਲ ਨੂੰ ਜ਼ਿਆਦਾ ਦੇਰ ਤੱਕ ਰੱਖਣ ਅਤੇ ਤਾਜ਼ਾ ਵਿਖਾਈ ਦੇਣ ਦਾ ਭੁਲੇਖਾ ਪਾਉਣ ਲਈ ਜਾਨ ਲੇਵਾ ਜ਼ਹਿਰੀਲੇ ਕੈਮੀਕਲ ਵਰਤੇ ਜਾਂਦੇ ਹਨ। ਸ਼ਹਿਦ, ਹਲਦੀ, ਮਸਾਲੇ ਆਦਿ ਅਨੇਕ ਕਰਿਆਨੇ ਦੀਆਂ ਦਵਾਨੁਮਾਂ ਖੁਰਾਕੀ ਵਸਤਾਂ ਦਾ ਸ਼ੁੱਧ ਮਿਲਣਾ ਨਾਮੁਮਕਿਨ ਹੁੰਦਾ ਜਾ ਰਿਹਾ ਹੈ। ਮੁਨਾਫਾਖੋਰ ਹਰ ਰੋਜ਼ ਵਰਤੋਂ ਵਿੱਚ ਆਉਣ ਵਾਲੀਆਂ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਪਨੀਰ, ਖੋਆ ਘਿਓ ਆਦਿ ਵਿੱਚ ਜ਼ਹਿਰਾਂ ਮਿਲਾ ਕੇ ਲੋਕਾਂ ਨੂੰ ਪਰੋਸ ਰਹੇ ਹਨ । ਇਹ ਨਿਰਾਸ਼ਾਜਨਕ ਵਰਤਾਰਾ ਕੋਈ ਸੁਣੀ-ਸੁਣਾਈ ਜਾਂ ਮਨਘੜਤ ਗਲ ਨਹੀਂ ਸਗੋਂ ਇਨ੍ਹਾਂ ਦਾ ਬਜ਼ਾਰੀਕਰਣ ਹਰ ਆਏ ਦਿਨ ਵੇਖਣ ਨੂੰ ਮਿਲਦਾ ਹੈ ।

ਪ੍ਰਦੂਸ਼ਿਤ ਅਤੇ ਨੁਕਸਾਨਦੇਹ ਚੀਜ਼ਾਂ ਨੂੰ ਨੱਥ ਪਾਉਣ ਲਈ ਅਤੇ ਵਿਗੜੀ ਹੋਈ ਸਥਿਤੀ ਨੂੰ ਸੁਧਾਰਨ ਲਈ ਫੂਡ

ਸਕਿਉਰਟੀ ਅਤੇ ਸੇਫਟੀ ਐਕਟ ਬਣਿਆ ਹੋਇਆ ਹੈ। ਦੂਸ਼ਿਤ ਅਤੇ ਮਿਲਾਵਟੀ ਚੀਜ਼ਾਂ ਦੀ ਰੋਕਥਾਮ ਲਈ ਮਹਿਕਮੇ ਵੀ ਬਣੇ ਹੋਏ ਹਨ। ਦੋਸ਼ੀਆਂ ਨੂੰ ਪਕੜਨ ਲਈ ਛਾਪੇ ਵੀ ਮਾਰੇ ਜਾਂਦੇ ਹਨ। ਫੂਡ ਟੈਸਟਿੰਗ ਪ੍ਰਯੋਗਸ਼ਾਲਾਵਾਂ ਵੀ ਹਨ। ਪਰੰਤੂ ਇਹ ਸਭ ਕੁੱਝ ਹੁੰਦਿਆਂ ਹੋਇਆਂ ਵੀ ਕੋਈ ਠੋਸ ਅਤੇ ਸਾਰਥਿਕ ਸੁਧਾਰ ਵੇਖਣ ਵਿੱਚ ਨਹੀਂ ਆ ਰਹੇ ਹਨ। ਐਕਟ ਆਦਿ ਸਭ ਕੁੱਝ ਕਾਗਜ਼ਾਂ ਵਿੱਚ ਹੀ ਧਰਿਆ ਧਰਾਇਆ ਰਹਿ ਜਾਂਦਾ ਹੈ ਅਤੇ ਨੁਕਸਾਨਦੇਹ ਖਾਣਪੀਣ ਦੀਆਂ ਚੀਜ਼ਾਂ ਦਾ ਕਾਰੋਬਾਰ ਪੂਰੇ ਧੜੱਲੇ ਨਾਲ ਚੱਲ ਹੀ ਨਹੀਂ ਰਿਹਾ ਸਗੋਂ ਵਧਦਾ ਜਾ ਰਿਹਾ ਹੈ। ਇੱਥੋਂ ਤੱਕ ਕਿ ਦੇਸ਼ ਵਿੱਚ ਉਤਪਾਦਨ ਕੀਤੀ ਵਿਦੇਸ਼ ਭੇਜੀ ਜਾਣ ਵਾਲੀ ਖਾਧ ਸਮੱਗਰੀ ਦੂਸ਼ਿਤ ਹੋਣ ਕਾਰਨ ਰਿਜੈਕਟ ਹੋ ਕੇ ਵਾਪਿਸ ਆਉਂਦੀ ਹੈ। ਇਹ ਦੇਸ਼ ਦੇ ਹੁਕਮਰਾਨਾਂ ਵਾਸਤੇ ਬਹੁਤ ਸ਼ਰਮਨਾਕ ਗੱਲ ਹੈ ।

ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿੱਚ ਆਉਣ 'ਤੇ ਆਸ ਬੱਝੀ ਸੀ ਕਿ ਮੋਦੀ ਸਰਕਾਰ ਭਾਰਤ ਦੇ ਪ੍ਰਾਚੀਨ ਅਤੇ ਮਾਣਮੱਤੇ ਖਾਸੇ ਨੂੰ ਬਹਾਲ ਕਰਨ ਲਈ ਆਮ ਨਾਗਰਿਕਾਂ ਨੂੰ ਉਪਲਬਧ ਹੋ ਰਹੀ ਖਾਧ ਸਮੱਗਰੀ ਵਿੱਚ ਸੁਧਾਰ ਲਿਆਏਗੀ ਪਰੰਤੂ ਇਸ ਪੱਖੋਂ ਲੋਕਾਂ ਨੂੰ ਬਹੁਤ ਵੱਡੀ ਨਿਰਾਸ਼ਤਾ ਹੱਥ ਲੱਗੀ ਹੈ । ਸੁਧਾਰ ਤਾਂ ਦੂਰ ਦੀ ਗੱਲ ਉਸ ਨੇ ਤਾਂ ਖੁਰਾਕੀ ਵਸਤਾਂ ਦੇ ਉਤਪਾਦਨ ਅਤੇ ਸਪਲਾਈ ਨੂੰ ਵਪਾਰਿਕ ਧੰਦਾ ਬਣਾਉਣ ਅਤੇ ਵੱਡੇ ਵੱਡੇ ਕਾਰੋਬਾਰੀਆਂ ਦੇ ਸਪੁਰਦ ਕਰਨ ਤੱਕ ਦੇ ਕਾਨੂੰਨ ਬਣਾ ਦਿੱਤੇ ਹਨ। ਮੁਨਾਫਾਖੋਰ ਕਾਰੋਬਾਰੀਆਂ ਦਾ ਖੁਰਾਕੀ ਵਸਤਾਂ ਦੀ ਗੁਣਵੱਤਾ ਨਾਲ ਕੋਈ ਸਰੋਕਾਰ ਜਾਂ ਲੈਣਾ ਦੇਣਾ ਨਹੀਂ ਹੁੰਦਾ। ਦੇਸ਼ ਦੇ ਅਰਥਚਾਰੇ ਨੂੰ ਲੀਹ ਸਿਰ ਲਿਆਉਣ ਲਈ ਖੁਰਾਕੀ ਵਸਤਾਂ ਨੂੰ ਦਾਅ 'ਤੇ ਲਾਉਣਾ ਦੇਸ਼ ਲਈ ਬਹੁਤ ਘਾਤਕ ਹੈ। ਸਗੋਂ ਚਾਹੀਦਾ ਇਹ ਹੈ ਕਿ ਖਾਧ ਸਮੱਗਰੀ ਦੀ ਗੁਣਵੱਤਾ ਨੂੰ ਸੁਨਿਸ਼ਚਿਤ ਕਰਨ ਲਈ ਦੇਸ਼ ਨੂੰ ਵਾਧੂ ਖਰਚਾ ਵੀ ਕਰਨਾ ਪਵੇ ਤਾਂ ਉਸ ਨੂੰ ਖੁਸ਼ੀ ਖੁਸ਼ੀ ਕਰੇ ।

ਖੁਰਾਕੀ ਵਸਤਾਂ ਦੀ ਗੁਣਵੱਤਾ ਨੂੰ ਸਹੀ ਰੱਖਣ ਲਈ ਕੀਤਾ ਜਾਣ ਵਾਲਾ ਖਰਚਾ ਦੇਸ਼ ਦੇ ਅਰਥਚਾਰੇ 'ਤੇ ਬੋਝ ਨਹੀਂ ਪਾਵੇਗਾ ਸਗੋਂ ਦੇਸ਼ਵਾਸੀਆਂ ਦੀ ਸਿਹਤ-ਸੰਭਾਲ ਲਈ ਹਸਪਤਾਲਾਂ, ਡਾਕਟਰਾਂ ਅਤੇ ਦਵਾਈਆਂ ਆਦਿ 'ਤੇ ਹੋ ਰਹੇ ਬੇਸ਼ੁਮਾਰ ਖਰਚੇ ਨੂੰ ਘੱਟ ਕਰੇਗਾ। ਆਮ ਲੋਕਾਂ ਵਿੱਚ ਫੈਲ ਰਹੀਆਂ ਬਿਮਾਰੀਆਂ ਨਿਸ਼ਚਿਤ ਤੌਰ 'ਤੇ ਘਟਣਗੀਆਂ। ਸਿਹਤ-ਸੰਭਾਲ ਸਬੰਧੀ ਮਾਮਲਿਆਂ 'ਤੇ ਕੀਤਾ ਜਾਣ ਵਾਲਾ ਅੰਨ੍ਹਾਂ ਖਰਚਾ ਘਟ ਹੋ ਜਾਵੇਗਾ। ਦੇਸ਼ ਦੇ ਨਾਗਰਿਕਾਂ ਦੀ ਅੱਛੀ ਸਿਹਤ ਹੋਣ ਨਾਲ ਦੇਸ਼ ਦੀ ਸਿਹਤ ਅੱਛੀ ਹੋਣੀ ਲਾਜ਼ਮੀ ਹੈ। ਦੇਸ਼, ਤਰੱਕੀ ਦੀਆਂ ਉਚੀਆਂ ਮੰਜ਼ਲਾਂ ਤੇਜ਼ੀ ਨਾਲ ਸਰ ਕਰੇਗਾ। ਪਰੰਤੂ ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ ਜੇਕਰ ਸਰਕਾਰਾਂ ਇਸ ਪ੍ਰਤੀ ਸੁਹਿਰਦ ਹਨ ਅਤੇ ਮਜ਼ਬੂਤ ਇਰਾਦੇ ਅਤੇ ਸਾਫ ਨੀਯਤ ਨਾਲ ਕੰਮ ਕਰਦੀਆਂ ਹੋਣ। ਸਰਕਾਰ ਨੂੰ ਖੁਰਾਕੀ ਵਸਤਾਂ ਦੀ ਸ਼ੁੱਧਤਾ ਲਈ ਪੂਰੀ ਜੀਅ ਜਾਨ ਅਤੇ ਈਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ। ਖੁਰਾਕੀ ਵਸਤਾਂ ਦਾ ਉਤਪਾਦਨ ਅਣਜਾਣ ਅਤੇ ਗੈਰਕਿੱਤਾਕਾਰ ਲੋਕਾਂ ਦੇ ਹੱਥਾਂ ਵਿੱਚ ਨਾ ਦਿੱਤਾ ਜਾਵੇ ਅਤੇ ਇਸ ਦੇ ਵਪਾਰੀਕਰਨ ਰਾਹੀਂ ਪੈਸਾ ਕਮਾਉਣ ਦੀ ਨੀਤੀ ਨੂੰ ਮੂਲੋਂ ਹੀ ਖਾਰਜ ਕੀਤਾ ਜਾਵੇ ।

* * * * *

## ਵਧਾਈਆਂ



- ਪੰਜਾਬੀ ਮੂਲ ਦੀ **ਸ਼੍ਰੀ ਸੈਣੀ ਮਿਸ ਵਰਲਡ ਅਮਰੀਕਾ** ਚੁਣੀ ਗਈ ਹੈ। ਸ਼੍ਰੀ ਸੈਣੀ ਦਾ ਪਰਿਵਾਰ ਕਾਫੀ ਵਰ੍ਹੇ ਪਹਿਲਾਂ ਲੁਧਿਆਣਾ ਤੋਂ ਅਮਰੀਕਾ ਜਾ ਵਸਿਆ ਸੀ। ਸ਼੍ਰੀ ਸੈਣੀ ਦਾ ਨਾਨਕੇ ਅਬੋਹਰ ਵਿਖੇ ਹਨ ਅਤੇ ਉਸ ਦੇ ਨਾਨਾ-ਨਾਨੀ ਇਸ ਸ਼ਹਿਰ ਵਿੱਚ ਰਹਿੰਦੇ ਹਨ। ਉਹ ਮਿਸ ਪੇਜੈਂਟ ਵਿੱਚ ਅਮਰੀਕਾ ਦੀ ਨੁਮਾਂਇੰਦਗੀ ਕਰਨ ਵਾਲੀ ਪਹਿਲੀ ਭਾਰਤੀ-ਅਮਰੀਕੀ ਮਹਿਲਾ ਹੈ। ਸ਼੍ਰੀ ਸੈਣੀ ਦੀ ਇਹ ਪ੍ਰਾਪਤੀ ਸੈਣੀ ਬਰਾਦਰੀ ਲਈ ਮਾਣ ਵਾਲੀ ਗੱਲ ਹੈ। ਇਸ ਸਫਲਤਾ ਲਈ ਸ਼੍ਰੀ ਸੈਣੀ ਅਤੇ ਉਸ ਦੇ ਪਰਿਵਾਰ ਨੂੰ ਸੈਣੀ ਭਵਨ ਰੋਪੜ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ।



- ਰੋਪੜ ਦੇ ਨਜ਼ਦੀਕੀ ਸਕੂਲ ਝੱਲੀਆਂ ਕਲਾਂ ਵਿੱਖੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੀ ਐਡਵੋਕੇਟ ਹਰਜੀਤ ਸੈਣੀ ਦੀ ਬੇਟੀ **ਖੁਸ਼ੀ ਸੈਣੀ** ਨੇ 29 ਨਵੰਬਰ-2 ਦਸੰਬਰ, 2021 ਤੱਕ ਭੂਪਾਲ ਵਿੱਚ ਹੋਏ ਅੰਤਰਰਾਸ਼ਟਰੀ ਮੁਕਾਬਲਿਆਂ ਦੌਰਾਨ **ਸੀਨੀਅਰ ਕੌਮੀ ਸ਼ੂਟਿੰਗ ਚੈਂਪੀਅਨਸ਼ਿਪ** ਵਿਚ ਸੋਨੇ ਅਤੇ ਚਾਂਦੀ ਦੇ ਤਮਗੇ ਹਾਸਲ ਕਰ ਕੇ ਪੰਜਾਬ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਸੈਣੀ ਭਵਨ ਦੇ ਪ੍ਰਬੰਧਕ ਇਸ ਪ੍ਰਾਪਤੀ ਲਈ ਖੁਸ਼ੀ ਸੈਣੀ ਅਤੇ ਉਸ ਦੇ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦੇ ਹਨ।



- ਪੰਜਾਬ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਹਾਲ਼ੀ ਵਿਖੇ ਸ. ਪ੍ਰੀਤਮ ਸਿੰਘ ਅਤੇ ਮਾਤਾ ਰਵਿੰਦਰ ਕੌਰ ਸੰਧੂ ਦੇ ਸਿੱਖ ਕਿਸਾਨੀ ਪਰਿਵਾਰ ਵਿੱਚ ਜਨਮੀ 21 ਸਾਲਾ **ਹਰਨਾਜ਼ ਕੌਰ ਸੰਧੂ** ਨੇ ਇਜ਼ਰਾਇਲ ਵਿਖੇ ਹੋਏ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਸਾਲ 2021 ਦਾ **ਮਿਸ ਯੂਨੀਵਰਸ ਖਿਤਾਬ** ਹਾਸਲ ਕਰ ਕੇ ਦੇਸ਼ ਅਤੇ ਸੂਬੇ ਦਾ ਨਾਮ ਚਮਕਾ ਦਿੱਤਾ ਹੈ। ਉਹ ਇਸ ਸਮੇਂ ਚੰਡੀਗੜ੍ਹ ਦੇ ਸਰਕਾਰੀ ਪੋਸਟਗ੍ਰੈਜੂਏਟ ਕਾਲਜ ਵਿੱਚ ਐੱਮ.ਏ. ਦੀ ਵਿਦਿਆਰਥਣ ਹੈ।

## ਆਓ ! ਆਪਣੇ ਗਿਆਨ ਦੀ ਪਰਖ ਕਰੀਏ

### ਪ੍ਰਸ਼ਨੋਤਰੀ -6

ਨਿਮਨ ਪ੍ਰਸ਼ਨੋਤਰੀ ਮੈਗਜ਼ੀਨ ਸੈਣੀ ਸੰਸਾਰ ਦੇ 40-43 ਅੰਕਾਂ ਵਿੱਚ ਦਿੱਤੇ ਲੇਖਾਂ ਵਿੱਚੋਂ ਤਿਆਰ ਕੀਤੀ ਗਈ ਹੈ। ਹਰ ਪ੍ਰਸ਼ਨ ਦੇ ਹੇਠ ਦਿੱਤੇ ਚਾਰ ਉੱਤਰਾਂ ਵਿੱਚੋਂ ਸਹੀ ਉੱਤਰ ਨੂੰ ਟਿੱਕ ਕੀਤਾ ਜਾਵੇ। ਹਰ ਸਹੀ ਉੱਤਰ ਦਾ 1 ਅੰਕ ਹੈ।

1. ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀ ਖਬਰ ਕਿਸ ਸਥਾਨ 'ਤੇ ਮਿਲੀ ਸੀ?
ੳ) ਗਯਾ ਅ) ਪਟਨਾ ਸ) ਆਨੰਦਪੁਰ ਸਾਹਿਬ ੲ) ਢਾਕਾ
2. ਅਹਿਮਦ ਸ਼ਾਹ ਅਬਦਾਲੀ ਨੇ ਕਿਸ ਸਿੰਘ ਨੂੰ ਹਾਥੀਆਂ ਦੇ ਪੈਰਾਂ ਨਾਲ ਬੰਨ੍ਹ ਕੇ ਦੋ-ਫਾੜ ਕਰਵਾਇਆ ਸੀ?
ੳ) ਭਾਈ ਦਿਆਲਾ ਜੀ ਅ) ਭਾਈ ਹਾਠੂ ਸਿੰਘ ਜੀ ੲ) ਭਾਈ ਬਾਘੜ ਜੀ ਸ) ਭਾਈ ਤਾਰੂ ਸਿੰਘ ਜੀ
3. ਸਵ. ਨਿਰਮਲਾ ਸੈਣੀ ਕਿਹੜੀ ਖੇਡ ਖੇਡਦੀ ਸੀ?
ੳ) ਹਾਕੀ ਅ) ਫੁੱਟਬਾਲ ੲ) ਬੈਡਮਿੰਟਨ ਸ) ਵਾਲੀਬਾਲ
4. ਮੌਤ ਰੇਲਵੇ ਕਿਨ੍ਹਾਂ ਦੇਸ਼ਾਂ ਨੂੰ ਜੋੜਨ ਲਈ ਬਣਾਈ ਗਈ ਸੀ?
ੳ) ਬਰਮਾ ਤੇ ਥਾਈਲੈਂਡ ਅ) ਜਾਪਾਨ ਤੇ ਥਾਈਲੈਂਡ ੲ) ਭਾਰਤ ਤੇ ਬਰਮਾ ਸ) ਬਰਮਾ ਤੇ ਚੀਨ
5. ਆਧੁਨਿਕ ਓਲੰਪਿਕ ਖੇਡਾਂ ਕਿਸ ਸੰਨ ਵਿੱਚ ਸ਼ੁਰੂ ਹੋਈਆਂ?
ੳ) 1796 ਅ) 1896 ੲ) 1900 ਸ) 776 ਈ.ਪੂ.
6. 32ਵੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨੇ ਕਾਂਸੀ ਦੇ ਕਿੰਨੇ ਤਮਗੇ ਹਾਸਲ ਕੀਤੇ?
ੳ) 7 ਅ) 4 ੲ) 6 ਸ) 2
7. ਓਲੰਪਿਕ ਤਮਗਾ ਜੇਤੂ ਖਿਡਾਰਨ ਸਾਈਖੋਮ ਮੀਰਾਬਾਈ ਚਾਨੂ ਕਿਸ ਸੂਬੇ ਦੀ ਰਹਿਣ ਵਾਲੀ ਹੈ?
ੳ) ਤਾਮਿਲਨਾਡੂ ਅ) ਅਸਾਮ ੲ) ਨਾਗਾਲੈਂਡ ਸ) ਮਨੀਪੁਰ
8. ਭਾਰਤ ਦੇ ਕਿਸ ਆਈ.ਏ.ਐਸ ਅਧਿਕਾਰੀ ਨੇ ਟੋਕੀਓ ਪੈਰਾਓਲੰਪਿਕਸ ਵਿੱਚ ਤਮਗਾ ਹਾਸਲ ਕੀਤਾ?
ੳ) ਨਿਸ਼ਾਦ ਕੁਮਾਰ ਅ) ਮਨੀਸ਼ ਨਰਵਾਲ ੲ) ਸੁਹਾਸ ਯਥੀਰਾਜ ਸ) ਸ਼ਰਦ ਕੁਮਾਰ
9. ਕਿਸੇ ਇੱਕ ਓਲੰਪਿਕ ਮੁਕਾਬਲੇ ਵਿਚ ਸਭ ਤੋਂ ਵੱਧ ਤਮਗੇ ਹਾਸਲ ਕਰਨ ਵਾਲੀ ਕਿਹੜੀ ਮਹਿਲਾ ਖਿਡਾਰਨ ਹੈ?
ੳ) ਮੋਜਿਮੀ ਨਿਸ਼ੀਆ ਅ) ਐਮਾ ਮੈਕਕਿਓਨ ੲ) ਅੰਨਾ ਕੀਅਸਨਹੋਫਰ ਸ) ਵਿਲਮਾ ਰੁਡੋਲਫ
10. ਸ. ਹਰਜੀਤ ਸਿੰਘ ਸੱਜਣ ਨੇ ਕੈਨੇਡਾ ਦੇ ਕਿਸ ਪਾਰਲੀਮੈਂਟ ਹਲਕੇ ਤੋਂ ਚੋਣ ਜਿੱਤੀ ਹੈ?
ੳ) ਵੈਨਕੂਵਰ ਦੱਖਣੀ ਅ) ਬਰਬਨੀ ਦੱਖਣੀ ੲ) ਬਰੈਂਪਟਨ ਦੱਖਣੀ ਸ) ਕਿਊਬੈਕ
11. ਸਾਲ 2021 ਵਿੱਚ ਕਿਸ ਸਾਹਿਤਕਾਰ ਨੂੰ ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ?
ੳ) ਮਾਰੀਆ ਰੈਸਾ ਅ) ਡੇਵਿਡ ਕਾਰਡ ੲ) ਅਬਦੁਲ ਰਜ਼ਾਕ ਸ) ਸਿਊਕੋਰੋ ਮਨਾਬ
12. ਸਾਲ 2021 ਦੇ ਸਾਲਾਨਾ ਸਿੱਖਿਆ ਸਮਾਗਮ ਦਾ ਮੁੱਖ ਮਹਿਮਾਨ ਕੌਣ ਸੀ?
ੳ) ਸ਼੍ਰੀ ਤਰਸੇਮ ਸੈਣੀ ਅ) ਡਿਪਟੀ ਕਮਿਸ਼ਨਰ ਰੋਪੜ ੲ) ਪ੍ਰਧਾਨ ਨਗਰ ਕੌਂਸਲ ਰੋਪੜ ਸ) ਅਮਰਜੀਤ ਸਿੰਘ ਸੈਣੀ
13. ਗੋਬਿੰਦ ਸਾਗਰ ਝੀਲ ਕਿਸ ਦਰਿਆ 'ਤੇ ਬਣੀ ਹੋਈ ਹੈ?
ੳ) ਰਾਵੀ ਅ) ਬਿਆਸ ੲ) ਸਤਲੁਜ ਸ) ਯਮੁਨਾ
14. ਸੈਣੀ ਭਵਨ ਰੋਪੜ ਵਿਖੇ 16ਵੇਂ ਖ਼ੂਨਦਾਨ ਕੈਂਪ ਵਿੱਚ ਕਿੰਨੇ ਖ਼ੂਨਦਾਨੀਆਂ ਨੇ ਖ਼ੂਨ ਦਿੱਤਾ?
ੳ) 51 ਅ) 72 ੲ) 61 ਸ) 67
15. ਡਾ. ਗੁਰਵਿੰਦਰਬੀਰ ਸਿੰਘ ਕਿਸ ਵਿਭਾਗ ਦੇ ਡਾਇਰੈਕਟਰ ਹਨ?
ੳ) ਸਿੱਖਿਆ ਅ) ਖੇਤੀਬਾੜੀ ੲ) ਪਸ਼ੂਪਾਲਣ ਸ) ਸਿਹਤ
16. ਰੋਜਾਨਾ ਅਖਬਾਰ 'ਅਜੀਤ' ਦੇ ਸੰਪਾਦਕ ਮੁੱਖ ਸੰਪਾਦਕ ਡਾ.ਬਰਜਿੰਦਰ ਸਿੰਘ ਦੇ ਬਜ਼ੁਰਗਾਂ ਦਾ ਪਿੰਡ ਕਿਹੜਾ ਹੈ?
ੳ) ਗੋਬਿੰਦਪੁਰ ਅ) ਮਠਵਾਲੀ ਪੱਦੀ ੲ) ਸੁੱਜੋਂ ਸ) ਬੰਗਾ
17. ਸ਼ਹੀਦ ਭਗਤ ਸਿੰਘ ਨੂੰ ਫਾਸੀ ਨਾਲ ਲਟਕਾਏ ਜਾਣ ਤੋਂ ਐਨ ਪਹਿਲਾਂ ਉਨ੍ਹਾਂ ਦੇ ਹੱਥ ਵਿੱਚ ਕੀ ਸੀ?
ੳ) ਪਿਸਤੌਲ ਅ) ਪੁਸਤਕ ੲ) ਡੰਡਾ ਸ) ਕਾਪੀ
18. ਪੰਜਾਬੀ, ਪੰਜਾਬ ਦੀ ਰਾਜਭਾਸ਼ਾ ਕਿਸ ਸੰਨ ਵਿੱਚ ਬਣੀ?
ੳ) 1950 ਅ) 1965 ੲ) 1970 ਸ) 1967
19. ਸੰਨ 2021 ਵਿੱਚ ਸੈਣੀ ਭਲਾਈ ਬੋਰਡ ਦਾ ਚੇਅਰਮੈਨ ਕਿਸ ਨੂੰ ਬਣਾਇਆ ਗਿਆ?
ੳ) ਡਾ. ਗੁਰਨਾਮ ਸਿੰਘ ਅ) ਸ. ਰਾਮ ਸਿੰਘ ਸੈਣੀ ੲ) ਸ਼੍ਰੀ ਤਰਸੇਮ ਸੈਣੀ ਸ) ਸ. ਅਮਰਜੀਤ ਸਿੰਘ ਸੈਣੀ
20. ਅਮਰੀਕਾ ਵਾਸੀ ਸ਼੍ਰੀ ਸੈਣੀ ਨੇ ਸਾਲ 2021 ਵਿੱਚ ਕਿਹੜੀ ਪ੍ਰਾਪਤੀ ਕੀਤੀ ਹੈ?

ਬਾਕੀ ਸਫਾ 43 'ਤੇ

SAINI BHAWAN RUPNAGAR
PUNJAB
ਸਰਬਤ ਦਾ ਭਲਾ

Estb. 1971

# ਸੈਣੀ ਸੰਸਾਰ
# Saini Sansar


PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001